ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194895582124531/

Awaze Qaum (ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7l

International Daily Newspaper & WEB TV

awazeqaumtvpunjab@gmail.com

ਸ਼ੁੱਕਰਵਾਰ, 8 ਮਾਰਚ 2024 (ਨਾਨਕਸ਼ਾਹੀ ਸੰਮਤ : ੫੫੫, ੨੫ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243





## ਪੰਜਾਬ 'ਚ ਵੱਡਾ ਐਨਕਾਊਂਟਰ, ਪੁਲਸ ਤੇ ਨਸ਼ਾ ਤਸਕਰਾਂ ਵਿਚਾਲੇ ਚੱਲੀਆਂ ਤਾਬੜਤੋੜ ਗੋਲ਼ੀਆਂ

**ਜਲੰਧਰ/ਸ਼ਾਹਕੋਟ, 7 ਮਾਰਚ (ਆਵਾਜ਼ਿ ਕੌਮ ਬਿਊਰੋ)-** ਜਲੰਧਰ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੋਂ ਦੇ ਸ਼ਾਹਕੋਟ ਵਿਖੇ ਦਿਹਾਤੀ ਪੁਲਸ ਵੱਲੋਂ ਵੱਡਾ ਐਨਕਾਊਂਟਰ ਕਰ ਦਿੱਤਾ ਗਿਆ। ਪੁਲਸ ਅਤੇ ਨਸ਼ਾ ਤਸਕਰਾਂ ਵਿਚਾਲੇ ਤਾਬੜਤੋੜ ਫਾਇਰਿੰਗ ਕੀਤੀ ਗਈ ਹੈ। ਦਰਅਸਲ ਪੁਲਸ ਨਸ਼ਾ ਤਸਕਰਾਂ ਦੀ ਰੇਡ ਕਰਨ ਲਈ ਪਹੁੰਚੀ ਸੀ ਅਤੇ ਨਸ਼ਾ ਤਸਕਰਾਂ ਨੇ ਪੁਲਸ ਪਾਰਟੀ 'ਤੇ ਤਾਬੜਤੋੜ ਗੋਲ਼ੀਆਂ ਚਲਾ ਦਿੱਤੀਆਂ ਅਤੇ ਉਥੋਂ ਫਰਾਰ ਹੋ ਗਏ। 4 ਨਸ਼ਾ ਤਸਕਰ ਸਵਿੱਫਟ ਕਾਰ ਵਿਚ ਸਵਾਰ ਸਨ, ਜਿਨ੍ਹਾਂ ਵਿਚੋਂ ਦੋ ਮੌਕੇ 'ਤੇ ਫਰਾਰ ਹੋ ਗਏ ਦੱਸੇ ਜਾ ਰਹੇ ਹਨ ਅਤੇ ਇਕ ਨੂੰ ਗੋਲ਼ੀ ਲੱਗੀ ਹੈ। ਜ਼ਖ਼ਮੀ ਹਾਲਤ ਵਿਚ ਤਸਕਰ ਨੂੰ ਸਿਵਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ। ਇਸ 'ਤੇ ਦਿਹਾਤੀ ਪੁਲਸ ਵੱਲੋਂ ਵੀ ਜਵਾਬੀ ਕਾਰਵਾਈ ਕੀਤੀ ਗਈ। ਫਿਲਹਾਲ ਅਤੇ ਪੁਲਸ ਅਤੇ ਬਦਮਾਸ਼ਾਂ ਵਿਚਾਲੇ ਮੁਠਭੇੜ ਜਾਰੀ ਹੈ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਵਾਰਦਾਤ ਵਿਚ ਇਕ ਨਸ਼ਾ ਤਸਕਰ ਨੂੰ ਗੋਲ਼ੀ ਲੱਗੀ ਹੈ।

**ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਗੋਲੀ ਅੰਮ੍ਰਿਤਸਰ ਤੋਂ ਗ੍ਰਿਫ਼ਤਾਰ :** ਹਾਲ ਹੀ ਵੱਡੀ ਖ਼ਬਰ ਸਾਹਮਣੇ ਆਈ ਹੈ। ਜਿਥੇ ਪੰਜਾਬ ਦੇ ਖ਼ਤਰਨਾਕ ਗੈਂਗਸਟਰ ਗੁਰਪ੍ਰੀਤ ਸਿੰਘ ਗੋਲੀ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ। ਜਾਣਕਾਰੀ ਮੁਤਾਬਕ ਗੈਂਗਸਟਰ ਗੋਲੀ ਦੇ ਖ਼ਿਲਾਫ਼ ਕਈ ਮਾਮਲੇ ਦਰਜ ਹਨ। ਪੁਲਸ ਨੇ ਦੱਸਿਆ ਜਦੋਂ ਅੱਜ ਨਾਕਾ ਲਾ ਕੇ ਗੋਲੀ ਦੀ ਗੱਡੀ ਨੂੰ ਰੋਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਪੁਲਸ 'ਚ ਗੱਡੀ ਮਾਰਨ ਦੀ ਕੋਸ਼ਿਸ਼ ਕੀਤੀ ਜੋ ਸਿੱਧੀ ਕਾਰ 'ਚ ਜਾ ਵੱਜੀ ਅਤੇ ਇਸ ਤੋਂ ਬਾਅਦ ਗੋਲੀ ਨੇ ਮੌਕੇ 'ਤੇ ਗੱਡੀ ਭਜਾ ਲਈ।

## ਚੋਣ ਕਮਿਸ਼ਨ ਦਾ ਵੱਡਾ ਐਕਸ਼ਨ

# ਪੰਜਾਬ ਦੇ 7 ਉਮੀਦਵਾਰ ਅਯੋਗ ਕਰਾਰ

**ਚੰਡੀਗੜ੍ਹ, 7 ਮਾਰਚ (ਆਵਾਜ਼ਿ ਕੌਮ ਬਿਊਰੋ)-** ਭਾਰਤੀ ਚੋਣ ਕਮਿਸ਼ਨ ਵੱਲੋਂ ਵੱਖ-ਵੱਖ ਹੁਕਮਾਂ ਰਾਹੀਂ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 7 ਉਮੀਦਵਾਰਾਂ ਨੂੰ ਅਯੋਗ ਐਲਾਨਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਇਨ੍ਹਾਂ ਉਮੀਦਵਾਰਾਂ ਨੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 78 ਅਨੁਸਾਰ ਨਿਸ਼ਚਿਤ ਸਮਾਂ ਸੀਮਾ ਅੰਦਰ ਆਪਣੇ ਚੋਣ ਖਰਚੇ ਦਾ ਵੇਰਵਾ ਕਮਿਸ਼ਨ ਕੋਲ ਜਮ੍ਹਾਂ ਨਹੀਂ ਕਰਵਾਇਆ ਜਿਸ ਕਰਕੇ ਲੋਕ ਪ੍ਰਤੀਨਿਧੀ ਐਕਟ, 1951 ਦੇ ਸੈਕਸ਼ਨ 10ਏ ਅਨੁਸਾਰ ਅਗਲੇ 3 ਸਾਲ ਤੱਕ ਇਨ੍ਹਾਂ ਉਮੀਦਵਾਰਾਂ ਨੂੰ ਚੋਣ ਲੜਨ ਦੇ ਅਯੋਗ ਕਰਾਰ ਦਿੱਤਾ ਗਿਆ ਹੈ। ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਇਨ੍ਹਾਂ 7 ਉਮੀਦਵਾਰਾਂ ਵਿਚ ਮਾਲੇਰਕੋਟਲਾ ਤੇ ਫਾਜ਼ਿਲਕਾ ਜ਼ਿਲ੍ਹਿਆਂ ਦੇ 2-2 ਉਮੀਦਵਾਰ ਅਤੇ ਮਾਨਸਾ ਜ਼ਿਲ੍ਹੇ



ਦੇ 3 ਉਮੀਦਵਾਰ ਸ਼ਾਮਲ ਹਨ। 15 ਫਰਵਰੀ 2024 ਨੂੰ ਭਾਰਤੀ ਚੋਣ ਕਮਿਸ਼ਨ ਵੱਲੋਂ ਕੀਤੇ ਹੁਕਮਾਂ ਰਾਹੀਂ ਮਾਨਸਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਜੀਵਨ ਦਾਸ ਬਾਵਾ, ਤਰੁਣਵੀਰ ਸਿੰਘ ਆਹਲੂਵਾਲੀਆ ਅਤੇ ਵੈਦ ਬਲਵੰਤ ਨੂੰ ਅਯੋਗ ਕਰਾਰ ਦਿੱਤਾ ਗਿਆ ਹੈ। ਇਸੇ ਤਰ੍ਹਾਂ 24 ਜਨਵਰੀ 2024 ਨੂੰ ਹੋਏ ਹੁਕਮਾਂ ਵਿਚ ਫਾਜ਼ਿਲਕਾ ਜ਼ਿਲ੍ਹੇ ਦੀ ਜਲਾਲਾਬਾਦ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਬਲਜੀਤ ਸਿੰਘ ਅਤੇ ਬੱਲੂਆਣਾ ਵਿਧਾਨ ਸਭਾ ਸੀਟ ਤੋਂ ਚੋਣ ਲੜਨ ਵਾਲੇ ਪ੍ਰਿਥੀ ਰਾਮ ਮੇਘ ਨੂੰ ਵੀ ਅਯੋਗ ਐਲਾਨਿਆ ਗਿਆ ਹੈ। ਸਿਬਿਨ ਸੀ ਨੇ ਅੱਗੇ ਦੱਸਿਆ ਕਿ 29 ਜਨਵਰੀ 2024 ਦੇ ਹੁਕਮਾਂ ਅਨੁਸਾਰ ਮਾਲੇਰਕੋਟਲਾ ਜ਼ਿਲ੍ਹੇ ਦੀ ਮਾਲੇਰਕੋਟਲਾ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਧਰਮਿੰਦਰ ਸਿੰਘ ਅਤੇ ਅਮਰਗੜ੍ਹ ਸੀਟ ਤੋਂ ਉਮੀਦਵਾਰ ਸਤਵੀਰ ਸਿੰਘ ਸ਼ੀਰਾ ਬਨਭੌਰਾ ਨੂੰ ਵੀ ਭਾਰਤੀ ਚੋਣ ਕਮਿਸ਼ਨ ਨੇ ਅਗਲੇ 3 ਸਾਲ ਤੱਕ ਚੋਣ ਲੜਨ ਦੇ ਅਯੋਗ ਐਲਾਨਿਆ ਹੈ।

## ਅਕਾਲੀ ਦਲ ਨਾਲ ਸਮਝੌਤੇ ਲਈ ਬੀਬੀ ਜਗੀਰ ਕੌਰ ਨੇ ਰੱਖੀਆਂ ਇਹ ਸ਼ਰਤਾਂ

**ਜਲੰਧਰ/ਕਪੂਰਥਲਾ, 7 ਮਾਰਚ (ਆਵਾਜ਼ਿ ਕੌਮ ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨਾਲ ਸਮਝੌਤੇ ਤੋਂ ਪਹਿਲਾਂ ਆਪਣੀਆਂ ਸ਼ਰਤਾਂ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ. ਜੀ. ਪੀ. ਸੀ) ਦੀ ਸਾਬਕਾ ਪ੍ਰਧਾਨ ਜਗੀਰ ਕੌਰ ਨੇ ਕਿਹਾ ਹੈ ਕਿ ਜੇਕਰ ਉਨ੍ਹਾਂ ਵੱਲੋਂ ਪ੍ਰਸਤਾਵਿਤ ਜ਼ਿਆਦਾਤਰ ਸੋਧਾਂ ਕੀਤੀਆਂ ਜਾਂਦੀਆਂ ਹਨ ਤਾਂ ਉਹ ਵਾਪਸ ਆ ਸਕਦੀ ਹੈ। ਅਕਾਲੀ ਦਲ ਦੀ ਸਾਬਕਾ ਮੰਤਰੀ ਅਤੇ ਭੁਲੱਥ ਤੋਂ ਸਾਬਕਾ ਵਿਧਾਇਕ ਜਗੀਰ ਕੌਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਮੁੱਢਲੀ ਸ਼ਰਤ ਇਹ ਹੈ ਕਿ ਐੱਸ. ਜੀ. ਪੀ. ਸੀ. ਉਮੀਦਵਾਰਾਂ ਦਾ ਫ਼ੈਸਲਾ ਕਰਨ ਲਈ ਆਜ਼ਾਦ ਸੰਸਦੀ ਬੋਰਡ ਬਣਾਉਣ ਲਈ ਸਹਿਮਤੀ ਹੋਵੇਗੀ। ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦੀ ਬਜਾਏ ਇਸ ਬੋਰਡ ਦੇ ਮੈਂਬਰ ਹੋਣੇ ਚਾਹੀਦੇ ਹਨ, ਜੋ ਚੋਣਾਂ ਲਈ ਉਮੀਦਵਾਰਾਂ ਨੂੰ ਅੰਤਿਮ ਰੂਪ ਦੇਣਗੇ। ਉਨ੍ਹਾਂ ਕਿਹਾ ਕਿ ਐੱਸ. ਜੀ. ਪੀ. ਸੀ. ਦੇ ਉਮੀਦਵਾਰ ਕੋਈ ਸਿਆਸੀ ਵਿਅਕਤੀ



ਨਹੀਂ ਹੋਣਾ ਚਾਹੀਦਾ, ਸਗੋਂ ਇਸ ਦੀ ਬਜਾਏ ਉਹ ਵਿਅਕਤੀ ਹੋਣਾ ਚਾਹੀਦਾ ਹੈ, ਜਿਸ ਨੂੰ ਗੁਰਮਿਤ ਦਾ ਗਿਆਨ ਹੋਵੇ, ਉਸ ਦੇ ਕੋਲ ਧਰਮ ਦੇ ਖੇਤਰ ਵਿਚ ਕੁਝ ਪਛਾਣਨਯੋਗ ਕੰਮ ਹੋਣ ਅਤੇ ਉਸ ਦਾ ਪਿਛੋਕੜ ਸਾਫ਼-ਸੁਥਰਾ ਹੋਵੇ। ਇਹ ਪੁੱਛੇ ਜਾਣ 'ਤੇ ਕਿ ਕੀ ਉਹ ਦੋਬਾਰਾ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਅਹੁਦੇ ਲਈ ਵੀ ਆਪਣੀ ਦਾਅਵੇਦਾਰੀ ਪੇਸ਼ ਕਰ ਰਹੀ ਹੈ ? ਜਗੀਰ ਕੌਰ ਨੇ ਕਿਹਾ ਕਿ ਮੈਂ 28 ਸਾਲ ਸ਼੍ਰੋਮਣੀ ਕਮੇਟੀ 'ਚ ਸੇਵਾ ਕੀਤੀ ਹੈ। ਜੇਕਰ ਮੈਂ ਨਹੀਂ ਤਾਂ ਸ਼੍ਰੋਮਣੀ ਕਮੇਟੀ ਦੀ ਅਗਵਾਈ ਕਰਨ ਦੇ ਸਮਰੱਥ ਕੋਈ ਵੀ ਅੱਗੇ ਆ ਸਕਦਾ ਹੈ। ਇਕ ਵਾਰ ਪ੍ਰਧਾਨ ਨਿਯੁਕਤ ਹੋਣ ਤੋਂ ਬਾਅਦ ਅਕਾਲੀ ਦਲ ਦੇ ਆਗੂਆਂ ਨੂੰ ਧਾਰਮਿਕ ਸੰਸਥਾ ਦੇ ਕੰਮਕਾਜ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ ਅਤੇ ਮੁਖੀ ਨੂੰ ਪੰਥ ਦੇ ਭਲੇ ਲਈ ਸੁਤੰਤਰ, ਮਜ਼ਬੂਤ ਫ਼ੈਸਲੇ ਲੈਣ ਦੇਣਾ ਚਾਹੀਦਾ ਹੈ।


ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7l

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

## ਭਾਰਤੀਆਂ 'ਚ ਬਰਤਾਨੀਆਂ ਜਾਣ ਦੀ ਦੀਵਾਨਗੀ

**ਜਲੰਧਰ, 7 ਮਾਰਚ (ਆਵਾਜ਼ਿ ਕੌਮ ਬਿਊਰੋ)-** ਬਰਤਾਨੀਆ 'ਚ ਗੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੋ ਰਿਹਾ ਹੈ। 2022 ਦੇ ਮੁਕਾਬਲੇ ਪਿਛਲੇ ਸਾਲ 60 ਫ਼ੀਸਦੀ ਜ਼ਿਆਦਾ ਭਾਰਤੀ ਗੈਰ-ਕਾਨੂੰਨੀ ਤਰੀਕੇ ਨਾਲ ਇੰਗਲਿਸ਼ ਚੈਨਲ ਪਾਰ ਕਰ ਕੇ ਬਰਤਾਨੀਆ 'ਚ ਦਾਖਲ


ਆਵਾਜ਼ਿ ਕੌਮ AWAZE QAUM

International Newspaper & WEB TV


ਹੋਏ। ਨੈਸ਼ਨਲ ਸਟੈਟਿਸਟਿਕਸ ਦਫ਼ਤਰ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2023 'ਚ 1,192 ਭਾਰਤੀ ਛੋਟੀਆਂ ਕਿਸ਼ਤੀਆਂ ਰਾਹੀਂ ਗੈਰ-ਕਾਨੂੰਨੀ ਢੰਗ ਨਾਲ ਬਰਤਾਨੀਆ ਪਹੁੰਚੇ ਸਨ, ਜਦਕਿ 2022 'ਚ ਉਨ੍ਹਾਂ ਦੀ ਗਿਣਤੀ ਸਿਰਫ਼ 748 ਸੀ। ਅਜਿਹਾ ਕਿਹਾ ਜਾਂਦਾ ਹੈ ਕਿ ਸਮੱਗਲਰ ਯੂ. ਕੇ. 'ਚ ਸ਼ਰਨ ਦਾ ਦਾਅਵਾ ਕਰ ਕੇ ਲੋਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਛੋਟੀਆਂ ਅਤੇ ਅਕਸਰ ਅਸੁਰੱਖਿਅਤ ਕਿਸ਼ਤੀਆਂ 'ਚ ਲਿਜਾਂਦੇ ਹਨ ਅਤੇ ਹਜ਼ਾਰਾਂ ਪੌਂਡ ਵਸੂਲਦੇ ਹਨ। ਅਜਿਹੀਆਂ ਯਾਤਰਾਵਾਂ ਦੇ ਨਤੀਜੇ ਵਜੋਂ ਪਿਛਲੇ ਕੁਝ ਸਾਲਾਂ ਦੌਰਾਨ ਕਈ ਮੌਤਾਂ ਹੋਈਆਂ ਹਨ ਪਰ ਇਨ੍ਹਾਂ ਯਾਤਰਾਵਾਂ ਨੂੰ ਕਰਨ ਵਾਲੇ ਪ੍ਰਵਾਸੀਆਂ ਦੀ ਗਿਣਤੀ ਕਈ ਗੁਣਾ ਵਧਦੀ ਜਾ ਰਹੀ ਹੈ। ਭਾਰਤ ਤੋਂ 18 ਤੋਂ 40 ਸਾਲ ਦੀ ਉਮਰ ਦੇ ਜ਼ਿਆਦਾਤਰ ਮਰਦ 2023 'ਚ ਗੈਰ-ਕਾਨੂੰਨੀ ਢੰਗ ਨਾਲ ਯੂ. ਕੇ. 'ਚ ਦਾਖ਼ਲ ਹੋਏ ਹਨ।

**ਅਫਗਾਨਿਸਤਾਨ, ਈਰਾਨ ਤੇ ਤੁਰਕੀ ਸਿਖਰ 'ਤੇ :** ਰਿਪੋਰਟ ਮੁਤਾਬਕ ਬਰਤਾਨੀਆ 'ਚ ਵੱਡੇ ਪੱਧਰ 'ਤੇ ਅਫਗਾਨਿਸਤਾਨ, ਈਰਾਨ, ਇਰੀਟਰੀਆ, ਤੁਰਕੀ, ਇਰਾਕ, ਸੀਰੀਆ, ਸੂਡਾਨ ਅਤੇ ਵੀਅਤਨਾਮ ਦੇ ਨਾਗਰਿਕਾਂ ਨੇ ਛੋਟੀਆਂ ਕਿਸ਼ਤੀਆਂ ਰਾਹੀਂ ਘੁਸਪੈਠ ਕੀਤੀ ਹੈ। 2023 'ਚ ਪਾਕਿਸਤਾਨ ਤੋਂ ਬਹੁਤ ਘੱਟ ਲੋਕਾਂ ਦੀ ਆਮਦ ਹੋਈ ਅਤੇ ਉਨ੍ਹਾਂ ਦੀ ਗਿਣਤੀ ਸਿਰਫ਼ 103 ਸੀ। 2023 'ਚ 602 ਕਿਸ਼ਤੀਆਂ 'ਤੇ ਇਸ ਤਰ੍ਹਾਂ ਕੁੱਲ 29,438 ਗੈਰ-ਕਾਨੂੰਨੀ ਪ੍ਰਵਾਸੀ ਬਰਤਾਨੀਆ ਆਏ ਸਨ, ਜੋ ਕਿ 1,110 ਕਿਸ਼ਤੀਆਂ 'ਚ 45,774 ਦੇ ਅੰਕੜੇ ਨਾਲ 2022 ਦੇ ਮੁਕਾਬਲੇ 36 ਫੀਸਦੀ ਘੱਟ ਹੈ।

**ਭਾਰਤ ਨੂੰ ਛੱਡ ਕੇ ਚੋਟੀ ਦੇ 8 ਦੇਸ਼ਾਂ ਤੋਂ ਕਿੰਨੀ ਘੁਸਪੈਠ ?**



ਅਫਗਾਨਿਸਤਾਨ 5,545
ਈਰਾਨ 3,562
ਤੁਰਕੀ 3,040
ਇਰੀਟਰੀਆ 2,662
ਇਰਾਕ 2,545
ਸੀਰੀਆ 2,280
ਸੂਡਾਨ 1,612
ਵੀਅਤਨਾਮ 1,323

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



## ਹੋਲਾ ਮਹੱਲਾ ਸ਼੍ਰੀ ਅਨੰਦਪੁਰ ਸਾਹਿਬ ਜੀ

## ਹੋਲੇ ਮਹੱਲੇ ਨੂੰ ਸਮਰਪਿਤ

# ਵਿਸ਼ਾਲ ਨਗਰ ਕੀਰਤਨ ਕਾਜ਼ਲਮੋਰਾਨੋ

23 ਮਾਰਚ 2024 ਸਨੀਵਾਰ ਗੁਰਦੁਆਰਾ ਸਾਹਿਬ ਤੋ ਨਗਰ ਕੀਰਤਨ ਦੀ ਅਰੰਭਤਾ 12 ਵਜੇਂ ਹੋਵੇਗੀ ਅਤੇ ਗੁਰਦੁਆਰਾ ਸਾਹਿਬ ਵਿਖੇ ਹੀ ਸ਼ਾਮ 5 ਵਜੇ ਸਮਾਪਤੀ ਹੋਵੇਗੀ।

ਨਗਰ ਕੀਰਤਨ ਵਿੱਚ ਸ਼ਮੂਲੀਅਤ ਸਿੱਖ ਪ੍ਰਚਾਰਕ ਕਥਾ ਵਾਚਕ, ਰਾਗੀ ਸਿੰਘ ਕਵੀਸ਼ਰੀ,ਢਾਡੀ ਜਥੇ ਵਾਰਾਂ ਰਾਹੀਂ ਗੁਰਬਾਣੀ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ਸ਼ੇਅਰ ਜ਼ਰੂਰੀ ਕਰਨਾ ਜੀ

☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ ਆਪਣਾ ਕੀਮਤੀ ਸਮਾਂ ਕੱਢ ਕੇ ਨਗਰ ਕੀਰਤਨ ਪਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**

Via Giacomo Matteotti 3Cap
26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778




# ਜੇਕਰ ਜੋਤੀ ਰਾਉ ਫੂਲੇ ਤੇ ਸ਼ਾਹੂ ਜੀ ਮਹਾਰਾਜ ਨੇ ਸਘੰਰਸ਼ ਨਾ ਕੀਤਾ ਹੁੰਦਾ ਤਾਂ ਡਾਕਟਰ ਭੀਮ ਰਾਉ ਅੰਬੇਡਕਰ ਸਾਹਿਬ ਦੇ ਕਦੇ ਟਾਈ ਨਾ ਲੱਗਦੀ

ਬਹੁਜਨਾਂ ਦੇ ਮਸੀਹਾ, ਮਹਾਂ ਨਾਇਕ, ਕ੍ਰਾਂਤੀਕਾਰੀ, ਮਹਾਨ ਤਪੱਸਵੀ, ਮਹਾਨ ਤਿਆਗੀ ਅਤੇ ਬਹੁਜਨਾਂ ਦੇ ਦਿਲਾਂ ਦੀ ਧੜਕਣ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਜੀ ਦੀ ਸਘੰਰਸ਼ ਭਰੀ ਅਤੇ ਤਿਆਗ ਭਰੀ ਜ਼ਿੰਦਗੀ ਦੀ ਦਾਸਤਾਨ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

ਜਦੋਂ ਮਹਾਂਰਾਸ਼ਟਰ' ਚ ਸਘੰਰਸ਼ ਦੇ ਦਿਨਾਂ ਦੌਰਾਨ ਸਾਹਿਬ ਨੇ ਮੁੰਬਈ "ਚ ਦੇਖਿਆ ਕਿ ਜੋ ਛੋਟਾ ਮੁਲਾਜ਼ਮ ਹੈ, ਉਹ ਤਾਂ ਮੁਵਮੈੱਟ ਲਈ ਕੰਮ ਕਰ ਰਿਹਾ ਹੈ।ਜੋ ਵੱਡਾ ਮੁਲਾਜ਼ਮ ਜਾਂ ਕੋਈ ਅਫ਼ਸਰ ਲੱਗਿਆ ਹੈ। ਉਸਦੀ ਮੁਵਮੇਂਟ ਵਿੱਚ ਦਿਲਚਸਪੀ ਨਹੀਂ ਹੈ। ਮਤਲਬ ਇਹ ਹੈ ਕਿ ਜੋ ਲਾਇਕ ਹੈ,ਉਹ ਕੁੱਝ ਨਹੀਂ ਕਰਨਾ ਚਾਹੁੰਦਾ ਅਤੇ ਜੋ ਲਾਇਕ ਨਹੀਂ ਹਨ,ਉਹ ਮੁਵਮੇਂਟ ਵਿੱਚ ਕੰਮ ਕਰਨ ਲੱਗੇ ਹੋਏ ਹਨ। ਸਾਹਿਬ ਨੇ ਇਹ ਵੀ ਵੇਖਿਆ ਕਿ ਕੁੱਝ ਵੱਡੇ ਅਧਿਕਾਰੀ ਰਿਪਬਲਿਕਨ ਪਾਰਟੀ ਦੇ ਨੇਤਾਵਾਂ ਦੀ ਇਹ ਕਹਿਕੇ ਹਮੇਸ਼ਾ ਆਲੋਚਨਾ ਕਰਨ ਵਿੱਚ ਹੀ ਆਪਣਾ ਸਾਰਾ ਸਮਾਂ ਵਿਅਰਥ ਕਰਨ ਵਿੱਚ ਆਪਣੀ ਪ੍ਰਾਪਤੀ ਸਮਝਦੇ ਹਨ ਕਿ ਇਹ ਤਾਂ ਮੂਰਖ਼ ਲੋਕ ਹਨ,ਕਿ ਇਹਨਾਂ ਨੂੰ ਤਾਂ ਕੁੱਝ ਆਉਂਦਾ ਨਹੀਂ ਹੈ।



ਇਹ ਤਾਂ ਮਤਲਬ ਪ੍ਰਸਤ ਹਨ ਤਾਂ ਸਾਹਿਬ ਦਾ ਬਹੁਤਾ ਸਮਾਂ ਇੰਨਾਂ ਨੂੰ ਇਹ ਕਹਿਣ ਵਿੱਚ ਅਜਾਂਈ ਚੱਲਾ ਜਾਂਦਾ ਸੀ। ਕਿ ਜੇਕਰ ਉਹ ਮੂਰਖ ਲੋਕ ਹਨ ਜਾਂ ਉਹ ਮੁਵਮੇਂਟ ਚਲਾਉਣ ਦੇ ਕਾਬਿਲ ਨਹੀਂ ਹਨ। ਤਾਂ ਫਿਰ ਤੁਹਾਨੂੰ ਇਸ ਕੰਮ ਲਈ ਅੱਗੇ ਆਉਣਾ ਚਾਹੀਦਾ ਹੈ ਕਿਉਂਕਿ ਤੁਸੀਂ ਤਾਂ ਸਮਝਦਾਰ ਵੀ ਹੋ ਅਤੇ ਤੁਸੀ ਮੂਵਮੇਂਟ ਚਲਾਉਣ ਦੇ ਕਾਬਿਲ ਵੀ ਹੋ ,ਫਿਰ ਤੁਹਾਨੂੰ ਮੁਵਮੇਂਟ ਦਾ ਕੰਮ ਆਪਣੇ ਹੱਥਾਂ ਲੈਣਾ ਚਾਹੀਦਾ ਹੈ।

ਬਿਹਤਰ ਹੈ ਕਿ ਤੁਸੀਂ ਕੋਈ ਹੱਲ ਲੱਭੋ । ਕਿਉਂਕਿ ਪਾਰਟੀ ਚਲਾਉਣ ਲਈ ਨਾ ਕੋਈ ਫੰਡਜ ਹੈ, ਨਾ ਹੀ ਕੋਈ ਦਫ਼ਤਰ ਹੈ ਨਾ ਹੀ ਕੋਈ ਸਟਾਫ ਹੈ। ਜਿਸ ਨਾਲ ਬਾਬਾ ਸਾਹਿਬ ਦੀ ਮੁਵਮੈੱਟ ਨੂੰ ਘਰ ਘਰ ਪਹੁੰਚਾਂ ਸਕਣ । ਇੱਕ ਦੂਜੇ ਨੂੰ ਕਰੀਟੀਸਾਈਜ (ਨੁਕਤਾਚੀਨੀ) ਕਰਨ ਨਾਲ ਹੀ ਤਾਂ ਕੰਮ ਨਹੀਂ ਚੱਲਣ ਵਾਲਾ ।

ਉਪਰੋਕਤ ਹਾਲਾਤਾਂ ਦੇ ਮੱਦੇਨਜ਼ਰ ਸਾਹਿਬ ਨੇ ਮਹਾਂਰਾਸ਼ਟਰ ਤੋਂ ਉੱਤਰ ਪ੍ਰਦੇਸ਼ ਵਿੱਚ ਆਪਣੇ ਮਿਸ਼ਨ ਨੂੰ ਪਹੁੰਚਾਉਣ ਦਾ ਤਹੱਈਆ ਕਰਦੇ ਹੋਏ ਉਤੱਰ ਪ੍ਰਦੇਸ਼ ਦੀ ਧਰਤੀ ਉੱਤੇ ਆਪਣੇ ਨਾਲ ਤਿੰਨ ਬਾਬਿਆਂ ਨੂੰ ਲੈ ਆਏ । ਜਿਹਨਾਂ ਵਿੱਚੋਂ 2 ਪਗੜੀਧਾਰੀ ਸਨ , ਸ਼ਾਹੂ ਜੀ ਮਹਾਰਾਜ ਤੇ ਜੋਤੀ ਰਾਊ ਫੂਲੇ ਤੇ ਤੀਜੇ ਸਨ ਟਾਈ ਵਾਲੇ ਬਾਬਾ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ। ਇਹਨਾਂ ਤਿੰਨਾਂ ਨੂੰ ਲੈਕੇ ਘਰ ਘਰ ਹੋਕਾ ਦੇ ਕੇ ਆਪਣੇ ਸਮਾਜ ਨੂੰ ਸਮਝਾਇਆ ਕਿ ਮੈਂ ਆਪਣੇ ਨਾਲ 3 ਬਾਬੇ ਲੈਕੇ ਆਇਆ ਹਾਂ। ਤੁਸੀਂ ਇਹਨਾਂ ਦੀ ਮੁਵਮੇਂਟ ਨੂੰ ਸਮਝੋਗੇ ਤਾਂ ਤੁਹਾਡੀ ਕਾਇਆ ਪਲਟ ਜਾਣੀ ਹੈ। ਤੁਸੀਂ ਆਪਣੇ ਸਮਾਜ ਦੇ ਲੋਕਾਂ ਦੀ ਸਰਕਾਰ ਬਣਾਉਣ ਵਿੱਚ ਸਫਲ ਹੋ ਸਕੋਗੇ।

ਅੱਗੋਂ ਕੁੱਝ ਲੋਕ ਸਾਹਿਬ ਨੂੰ ਸਵਾਲ ਕਰਦੇ ਕਿ ਅਸੀਂ ਟਾਈ ਵਾਲੇ ਬਾਬਾ ਵਾਰੇ ਤਾਂ ਪਹਿਲਾਂ ਸੁਣਿਆ ਹੈ । ਪਰ ਆ ਪੱਗੜੀਧਾਰੀ ਬਾਬਿਆਂ ਵਾਰੇ ਕਦੇ ਨਹੀਂ ਸੁਣਿਆ ਹੈ। ਇਹ ਪੱਗੜੀ ਵਾਲੇ ਬਾਬਾ ਕੌਣ ਹਨ ? ਤਾਂ ਸਾਹਿਬ ਦਾ ਅੱਗੋਂ ਜਵਾਬ ਸੀ ਕਿ ਇੱਕ ਦਾ ਨਾਮ ਸ਼ਾਹੂ ਜੀ ਮਹਾਰਾਜ ਤੇ ਦੂਜਾ ਜੋਤੀ ਰਾਉ ਫੂਲੇ। ਅਗਰ ਇਹਨਾਂ ਨੇ ਆਪਣੇ-ਆਪਣੇ ਸਮੇਂ ਦੌਰਾਨ ਸਘੰਰਸ਼ ਨਾ ਕਰਿਆ ਹੁੰਦਾ ਤਾਂ ਡਾਕਟਰ ਅੰਬੇਡਕਰ ਸਾਹਿਬ ਦੇ ਕਦੇ ਟਾਈ ਨਹੀਂ ਸੀ ਲੱਗਣੀ।

ਜੋ ਪੈਸਾ ਸਮਾਜ ਮੈਨੂੰ ਦੇਵੇਗਾ,ਪਾਰਟੀ ਉਸੇ ਦੇ ਸਹਾਰੇ ਅੱਗੇ ਵਧੇਗੀ ਅਤੇ ਫਿਰ ਪਾਰਟੀ ਦੇ ਮਾਧਿਅਮ ਨਾਲ ਸਰਕਾਰ ਬਣਾਕੇ ਆਪਣੇ ਸਾਰੇ ਸਮਾਜ ਦਾ ਭਲਾ ਹੋਵੇਗਾ। ਮੈਂ ਪੂੰਜੀਪਤੀਆਂ ਤੋਂ ਧੰਨ ਨਹੀਂ ਮੰਗਾਂਗਾ। ਬਸਪਾ ਜਿੰਨ੍ਹਾਂ ਗਰੀਬ ਲੋਕਾਂ ਦੀ ਪਾਰਟੀ ਹੈ, ਉਨ੍ਹਾਂ ਤੋਂ ਹੀ ਪੈਸਾ ਲੈਕੇ ਉਹਨਾਂ ਉਪਰ ਹੀ ਖਰਚ ਕਰਾਂਗਾ ਅਤੇ ਉਨ੍ਹਾਂ ਦਾ ਕਲਿਆਣ ਤੇ ਉਥਾਨ ਕਰਾਂਗਾ -ਸਾਹਿਬ ਕਾਂਸੀ ਰਾਮ।

ਜੁੱਗ ਪਲਟਾਊ ਬਹੁਜਨ ਮਹਾਨ ਮਹਾਂ ਨਾਇਕ ਮਾਨਿਆਵਰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ

ਮੈਂ ਕਾਂਸ਼ੀ ਰਾਮ ਬੋਲਦਾ ਹਾਂ ਭਾਗ -2

ਪੰਮੀ ਲਾਲੋ ਮਜਾਰਾ-ਟੁੱਟੀਆਂ ਚੱਪਲਾਂ ਦੇ ਨਿਸ਼ਾਨਾਂ ਦਾ ਖੋਜੀ।

**-ਇੰਜੀਨੀਅਰ ਤੇਜਪਾਲ ਸਿੰਘ, 94177-94756**
**ਮੈਡਮ ਸਤਵੰਤ ਕੌਰ (ਮਿਸ਼ਨਰੀ), 97811-00458**













ਧੰਨ-ਧੰਨ ਸਾਹਿਬ ਸਤਿਗੁਰੂ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਮਹਾਰਾਜ ਸਾਹਿਬ ਜੀ ਦੀ ਅਪਾਰ ਬਖਸ਼ਿਸ਼ ਕਿਰਪਾ ਸਦਕਾ ਅੱਜ ਸੱਚਖੰਡ ਸ਼੍ਰੀ ਦਰਬਾਰ ਸਾਹਿਬ ਜੀ ਦੇ ਪਾਵਨ ਦਰਸ਼ਨ ਦੀਦਾਰ ਕਰਨ ਦਾ ਸੁਭਾਗ ਪ੍ਰਾਪਤ ਹੋਇਆ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

### ਖੇਡ ਮੇਲਾ 'ਖੇਡਾਂ ਉਦੋਨੰਗਲ ਦੀਆਂ' ਦੀ ਹੋਈ ਸ਼ਾਨਦਾਰ ਸ਼ੁਰੂਆਤ

# ਸੰਤ ਬਾਬਾ ਸੱਜਣ ਸਿੰਘ,ਸਰਪੰਚ ਗੁਰਮੇਜ਼ ਸਿੰਘ ਤੇ ਇੰਸ.ਗੁਰਮੇਜ਼ ਸਿੰਘ ਰੰਧਾਵਾ ਨੇ ਖੇਡ ਮੇਲੇ ਦਾ ਕੀਤਾ ਉਦਘਾਟਨ



**ਚੌਂਕ ਮਹਿਤਾ, 7ਮਾਰਚ(ਬਾਬਾ ਸੁਖਵੰਤ ਸਿੰਘ ਚੰਨਣਕੇ)**- ਮਾਝੇ ਦੇ ਮੋਹਰੀ ਖੇਡ ਮੇਲਿਆਂ 'ਚ ਸ਼ਾਮਿਲ ਪਿੰਡ ਉਦੋਨੰਗਲ ਦੇ ਚਾਰ ਰੋਜ਼ਾਂ ਖੇਡ ਮੇਲੇ 'ਖੇਡਾਂ ਉਦੋਨੰਗਲ ਦੀਆਂ' ਦੀ ਅੱਜ ਬਰੇਵ ਕੈ.ਭਿੰਡਰ ਸਟੇਡੀਅਮ ਵਿਖੇ ਸ਼ਾਨਦਾਰ ਸ਼ੁਰੂਆਤ ਹੋ ਚੁੱਕੀ ਹੈ। ਮੁੱਖ ਮਹਿਮਾਨ ਸੰਤ ਬਾਬਾ ਸੱਜਣ ਸਿੰਘ ਦੇ ਨਾਲ ਸਰਪੰਚ ਗੁਰਮੇਜ਼ ਸਿੰਘ ਉਦੋਨੰਗਲ ਤੇ ਇੰਸਪੈਕਟਰ ਗੁਰਮੇਜ਼ ਸਿੰਘ ਰੰਧਾਵਾ ਨੇ ਰੀਬਨ ਕੱਟਣ ਤੋਂ ਬਾਅਦ ਹਵਾ 'ਚ ਗੁਬਾਰੇ ਛੱਡਦੇ ਹੋਏ ਇਸ ਖੇਡ ਮੇਲੇ ਦਾ ਰਸਮੀ ਉਦਘਾਟਨ ਕੀਤਾ ।ਇਸ ਦੌਰਾਨ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ, ਚੇਅਰਮੈਨ ਬਲਵਿੰਦਰ ਸਿੰਘ ਬੱਬਲੀ, ਰਾਜਬੀਰ ਸਿੰਘ ਉਦੋਨੰਗਲ, ਬਲਜ਼ਿੰਦਰ ਸਿੰਘ ਦਬੁਰਜ਼ੀ ,ਸਾਬਕਾ ਸਰਪੰਚ ਰਜਿੰਦਰ ਸਿੰਘ, ਗੁਰਮੁੱਖ ਸਿੰਘ ਸਾਹਬਾ, ਬਲਾਕ ਪ੍ਰਧਾਨ ਜਰਮਨ ਸਿੰਘ ਤੇ ਅਜੈ ਗਾਂਧੀ ,ਬਲਜੀਤ ਸਿੰਘ ਚਾਹਲ,ਜਗਮੇਲ ਸਿੰਘ ਉਦੋਨੰਗਲ, ਅਮਰਜੀਤ ਸਿੰਘ ਭੋਲਾ,ਗੁਰਧਿਆਨ ਸਿੰਘ ਮਹਿਤਾ, ਭੁਪਿੰਦਰ ਸਿੰਘ ਪ੍ਰਧਾਨ,ਸ਼ਮਸ਼ੇਰ ਸਿੰਘ ਸ਼ੇਰਾ,ਸਤਨਾਮ ਸਿੰਘ ਸੱਤਾ,ਜੋਗਿੰਦਰ ਸਿੰਘ,ਅਜੈਬ ਸਿੰਘ ਨੰਬਰਦਾਰ,ਹਰਕੇਵਲ ਸਿੰਘ,ਸੁਖਚੈਨ ਸਿੰਘ,ਅਜੀਤ ਸਿੰਘ ਬੱਬੀ, ਪਰਮਜੀਤ ਸਿੰਘ ਮਹਿਤਾ, ਐੱਸ.ਡੀ.ਓ. ਦਵਿੰਦਰ ਸਿੰਘ,ਚੈਂਚਲ ਸਿੰਘ ਫੌਜੀ,ਸਤਨਾਮ ਸਿੰਘ ਸੱਤ ਤੇ ਸੂਬੇਦਾਰ ਸੁਖਵਿੰਦਰ ਸਿੰਘ (ਲੰਗਰ ਸੇਵਾ ਪ੍ਰਬੰਧਕ) ਆਦਿ ਸ਼ਾਮਿਲ ਸਨ ।ਕਲੱਬ ਵੱਲੋਂ ਰਘਬੀਰ ਸਿੰਘ ਛੋਟਾ ਇਟਲੀ ਤੇ ਆਤਮਬੀਰ ਸਿੰਘ ਰੰਧਾਵਾ ਨੇ ਦੱਸਿਆ ਕਿ ਇਸ ਖੇਡ ਮੇਲੇ 'ਚ ਹਾਕੀ ਓਪਨ 16 ,ਜੂਨੀਅਰ ਦੀਆਂ 12 ਤੇ ਫੁੱਟਬਾਲ ਦੀਆਂ 30 ਟੀਮਾਂ ਭਾਗ ਲੈ ਰਹੀਆਂ ਹਨ,ਜਿੰਨ੍ਹਾਂ ਦੀ ਫਾਈਨਲ ਮੈਚ 10 ਮਾਰਚ ਨੂੰ ਖੇਡੇ ਜਾਣਗੇ ਉਨ੍ਹਾਂ ਕਿਹਾ ਕਿ 10 ਮਾਰਚ ਨੂੰ ਇਨਾਮ ਵੰਡ ਸਮਾਰੋਹ ਵਾਲੇ ਦਿਨ ਹੋ ਰਿਹਾ ਕੱਬਡੀ ਕੱਪ ਤੇ ਸੱਭਿਆਚਾਰਕ ਮੇਲੇ 'ਚ ਲੋਕ ਪ੍ਰਸਿੱਧ ਕਲਾਕਾਰ ਗੁਰਨਾਮ ਭੁੱਲਰ ਤੇ ਅਮਨ ਰੋਜ਼ੀ ਦੀ ਜ਼ੋਰਦਾਰ ਗਾਇਕੀ ਦਾ ਲੱਗ ਰਿਹਾ ਖੁੱਲ੍ਹਾ ਅਖਾੜਾ ਇਸ ਖੇਡ ਮੇਲੇ ਦਾ ਮੁੱਖ ਆਕਰਸ਼ਣ ਰਹਿਣਗੇ ।ਇਸ ਮੌਕੇ ਐੱਨ.ਆਰ.ਆਈਜ਼ ਗਗਨਦੀਪ ਰੰਧਾਵਾ ਆਸਟ੍ਰੇਲੀਆ,ਮਨਪ੍ਰੀਤ ਸਿੰਘ ਆਸਟ੍ਰੇਲੀਆ.ਨਵ ਰੰਧਾਵਾ ਸਵੀਡਨ,ਸਿਮਰਪ੍ਰੀਤ ਸਿੰਘ ਕੈਨੇਡਾ, ਸੁਖਜ਼ਿੰਦਰ ਸਿੰਘ ਪਟਵਾਰੀ ਯੂ.ਐੱਸ.ਏ. ਤੋਂ ਇਲਾਵਾ ਮੰਚ ਸੰਚਾਲਕ ਕੁਲਬੀਰ ਸਿੰਘ, ਗੁਰਦਵਿੰਦਰ ਸਿੰਘ ਰੰਧਾਵਾ,ਕਰਮ ਪੰਨੂੰ,ਹਰਪ੍ਰੀਤ ਸਿੰਘ ਸੋਨੂੰ, ਹਰਮਨ ਰੰਧਾਵਾ,ਗੁਰਬਰਿੰਦਰ ਸਿੰਘ,ਬਿੱਕਾ ਪੰਨੂ,ਕਰਮ ਪੰਨੂ, ਜਤਿੰਦਰ ਸਿੰਘ ਭਿੰਦਾ,ਦਵਿੰਦਰ ਸਿੰਘ ਰੰਧਾਵਾ,ਸੂਬੇਦਾਰ ਮੁਖਤਾਰ ਸਿੰਘ,ਜੱਸ ਤੇ ਲਾਡੀ ਆਰਮੀ,ਗੁੱਲੂ,ਕਾਲਾ ਕੋਚ ਸੁੱਖ ਖੱਬੇ,ਹਰਵਿੰਦਰ ਸਿਘ ਭੌਏਵਾਲ,ਸਾਬੀ ਰੰਧਾਵਾ ਆਦਿ ਮੈਂਬਰ ਮੌਜੂਦ ਸਨ।

# ਹਰੀ ਸਿੰਘ ਪ੍ਰੀਤ ਨਾਭਾ ਬਣੇ ਸ੍ਰੋਮਣੀ ਅਕਾਲੀ ਦਲ ਬੀ,ਸੀ, ਵਿੰਗ ਦੇ ਸੀਨੀ: ਮੀਤ ਪ੍ਰਧਾਨ



ਧੂਰੀ ( ਰਣਜੀਤ ਸਿੰਘ ਪੇਧਨੀ ) ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੀ ਏਕਤਾ ਤੋਂ ਬਾਅਦ ਪਾਰਟੀ ਨੂੰ ਮਜਬੂਤ ਕਰਨ ਦੇ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਜਿਸ ਦੇ ਚਲਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵਕ ਸ, ਹਰੀ ਸਿੰਘ ਪ੍ਰੀਤ ਨਾਭਾ ਨੂੰ ਬੀਸੀ ਬਿੰਗ ਪੰਜਾਬ ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਇਸ ਨਿਯੁਕਤੀ ਦੇ ਨਾਲ ਉਹਨਾਂ ਦੇ ਚਾਹੁਣ ਵਾਲਿਆਂ ਵਿੱਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਸ, ਹਰੀ ਸਿੰਘ ਪ੍ਰੀਤ ਨੇ ਕਿਹਾ ਕਿ ਪਾਰਟੀ ਵੱਲੋਂ ਮਿਲੀ ਜਿੰਮੇਵਾਰੀ ਨੂੰ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਚੜ੍ਹਦੀ ਕਲਾ ਦੇ ਲਈ ਪਹਿਲਾਂ ਵਾਂਗ ਪਾਰਟੀ ਵਿੱਚ ਸੇਵਾ ਕਰਦੇ ਰਹਿਣਗੇ। ਅੰਤ ਵਿੱਚ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬੀਸੀ ਵਿੰਗ ਦੇ ਪ੍ਰਧਾਨ ਹੀਰਾ ਸਿੰਘ ਗਾਬੜੀਆ ਦਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਵਿਸ਼ੇਸ਼ ਧੰਨਵਾਦ ਕੀਤਾ।

# ਬਾਦਲ ਅਤੇ ਢੀਡਸਾਂ ਪਰਿਵਾਰ ਹੋਈ ਏਕਤਾ ਨਾਲ ਪੰਥਕ ਹਲਕਿਆਂ 'ਚ ਖੁਸ਼ੀ ਦੀ ਲਹਿਰ: ਪੰਮਾ ਬਾਠ



ਧੂਰੀ ( ਰਣਜੀਤ ਸਿੰਘ ਪੇਧਨੀ ) ਪ੍ਰਾਪਰਟੀ ਡੀਲਰ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ, ਉੱਘੇ ਸਮਾਜ ਸੇਵਕ ਸ, ਪਰਮਜੀਤ ਸਿੰਘ ਪੰਮਾ ਬਾਠ ਨੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸ, ਸੁਖਦੇਵ ਸਿੰਘ ਢੀਡਸਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਵ ਹੋਈ ਏਕਤਾ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਕਿਹਾ ਕਿ ਇਸ ਪੰਥਕ ਏਕਤਾ ਦੇ ਨਾਲ ਪੰਜਾਬ ਦੇ ਪੰਥਕ ਹਲਕਿਆਂ ਵਿੱਚ ਖੁਸ਼ੀ ਦੀ ਲਹਿਰ ਹੈ,ਜਿਸ ਦੇ ਨਾਲ ਸ਼੍ਰੋਮਣੀ ਅਕਾਲੀ ਦਲ ਹੋਰ ਮਜਬੂਤ ਹੋਵੇਗਾ। ਉਹਨਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸ,ਸੁਖਦੇਵ ਸਿੰਘ ਢੀਡਸਾ ਅਕਾਲੀ ਟਕਸਾਲੀ ਪਰਿਵਾਰ ਹੈ ਉਨ੍ਹਾਂ ਦਾ ਪੂਰੇ ਪੰਜਾਬ ਵਿੱਚ ਪ੍ਰਭਾਵ ਹੈ ਅਤੇ ਸ, ਢੀਡਸਾਂ ਅਕਾਲੀ ਦਲ ਨੂੰ ਬਹੁਤ ਵੱਡੀ ਦੇਣ ਹੈ ਪ੍ਰਕਾਸ਼ ਸਿੰਘ ਬਾਦਲ ਤੇ ਨਾਲ ਉਨਾਂ ਨੇ ਲੰਮਾ ਸਮਾਂ ਜੇਲਾਂ ਕੱਟੀਆਂ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਚੜ੍ਹਦੀ ਕਲਾ ਲੈ ਕੇ ਗਏ ਅਤੇ ਜਿਸ ਦੇ ਨਤੀਜੇ ਵੱਲੋਂ ਵੱਡੇ ਬਾਦਲ ਸਾਬ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਬਣੇ। ਅੰਤ ਵਿੱਚ ਉਨ੍ਹਾਂ ਨੇ ਸੁਖਵੀਰ ਸਿੰਘ ਬਾਦਲ ਦਾ ਵਿਸੇਸ ਧੰਨਵਾਦ ਕੀਤਾ ਜਿਨ੍ਹਾਂ ਨੇ ਸ, ਢੀਡਸਾਂ ਨੂੰ ਸ੍ਰੋਮਣੀ ਅਕਾਲੀ ਦਲ ਦਾ ਸਰਪ੍ਰਸਤ ਲਗਾਏ ਜਾਣ ਦਾ ਸਵਾਗਤ ਕੀਤਾ।

# ਭਾਈ ਅੰਮ੍ਰਿਤਪਾਲ ਸਿੰਘ ਤੇ ਉਸਦੇ ਸਾਥੀਆਂ ਦੀ ਰਿਹਾਈਆਂ ਲਈ ਲੱਗੇ ਮੋਰਚੇ ਵਿੱਚ ਜਥੇਦਾਰ ਬਲਜੀਤ ਸਿੰਘ, ਭਾਈ ਮਨਜੀਤ ਸਿੰਘ ਭੋਮਾ, ਭਾਈ ਮੋਹਕਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਹਾਜ਼ਰੀਆਂ ਭਰੀਆਂ





ਆਵਾਜ਼ਿ ਕੌਮ AWAZE QAUM International Newspaper & WEB TV









ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਮਾਤਾ ਨਿਰੰਜਨ ਕੌਰ ਜੀ ਦਾ

# ਸ਼ਰਧਾਂਜਲੀ ਸਮਾਗਮ ਪੰਥਕ ਕਨਵੈਨਸ਼ਨ ਹੋ ਨਿੱਬੜਿਆ

### ਪੰਥਕ ਯੋਧਿਆਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਸੰਸਾਰ ਤੇ ਸਦਾ ਹੀ ਲੋੜ - ਜਥੇਦਾਰ ਦਾਦੂਵਾਲ



**ਜਲੰਧਰ, 7 ਮਾਰਚ (ਆਵਾਜ਼ਿ ਕੌਮ ਬਿਊਰੋ)**-ਜੋ ਨੌਜਵਾਨ ਸੰਸਾਰ ਤੇ ਆਕੇ ਦੇਸ਼ ਕੌਮ ਧਰਮ ਸਮਾਜ ਲਈ ਤਨ ਮਨ ਧਨ ਦੀ ਕੁਰਬਾਨੀ ਕਰਦੇ ਜੂਝਦੇ ਆ ਉਨਾਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਸੰਸਾਰ ਨੂੰ ਸਦਾ ਹੀ ਲੋੜ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੁਰਬਾਨੀ ਵਾਲੇ ਸਿੰਘ ਭਾਈ ਪ੍ਰਗਟ ਸਿੰਘ ਨਿੱਝਰ ਜਰਮਨੀ ਰਿਬੈਰੋ ਕਾਂਡ,ਭਾਈ ਸੁਰਜੀਤ ਸਿੰਘ ਨਿੱਝਰ ਯੂ ਐਸ ਏ,ਭੈਣ ਬਲਬੀਰ ਕੌਰ ਦੇ ਸਤਿਕਾਰਯੋਗ ਮਾਤਾ ਨਿਰੰਜਨ ਕੌਰ ਧਰਮ ਸੁਪਤਨੀ ਸਵਰਗਵਾਸੀ ਸਰਦਾਰ ਸਾਧੂ ਸਿੰਘ ਪਿੰਡ ਨਿੱਝਰਾਂ ਜਲੰਧਰ ਦੀ ਅੰਤਿਮ ਅਰਦਾਸ ਸਮੇਂ ਗੁਰਦੁਆਰਾ ਕਲਗੀਧਰ ਸਾਹਿਬ ਨਿੱਝਰਾਂ ਵਿਖੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਪ੍ਰਗਟ ਕੀਤਾ ਮਾਤਾ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਸਮੂੰਹ ਪੰਥਕ ਆਗੂਆਂ ਨੇ ਕਿਹਾ ਕੇ ਕੁਰਬਾਨੀ ਦਾ ਜਜ਼ਬਾ ਵਿਰਲੇ ਮਨੁੱਖਾਂ ਦੇ ਅੰਦਰ ਹੁੰਦਾ ਹੈ ਨਹੀਂ ਤੇ ਮੋਹ ਮਾਇਆ ਪਦਾਰਥਾਂ ਵਿੱਚ ਗਲਤਾਨ ਹੋ ਕੇ ਮਨੁੱਖ ਸੰਸਾਰ ਤੇ ਜੀਵਨ ਬਰਬਾਦ ਕਰਕੇ ਫਾਨੀ ਸੰਸਾਰ ਤੋਂ ਕੂਚ ਕਰ ਜਾਂਦੇ ਹਨ ਜੋ ਯੋਧੇ ਆਪਣੇ ਧਰਮ ਕੌਮ ਦੀ ਸੇਵਾ ਕਰਦੇ ਹਨ ਉਹਨਾਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਸਦਾ ਸੰਸਾਰ ਤੇ ਯਾਦ ਕੀਤੀਆਂ ਜਾਂਦੀਆਂ ਹਨ ਮਾਤਾ ਨਿਰੰਜਣ ਕੌਰ ਨੇ ਵੀ ਆਪਣੇ ਸਿਰ ਦੇ ਸਾਈਂ ਦਾ ਸਾਇਆ ਸਿਰ ਤੋਂ ਉੱਠਣ ਬਾਅਦ ਵੀ ਆਪਣੇ ਬੱਚਿਆਂ ਦੀ ਜਿਸ ਤਰ੍ਹਾਂ ਸੇਵਾ ਸੰਭਾਲ ਤੇ ਪਰਵਰਿਸ਼ ਕੀਤੀ ਉਹ ਮਰਦਾਂ ਵਰਗਾ ਜੀਵਨ ਸੀ ਅੰਤਿਮ ਅਰਦਾਸ ਤੇ ਗੁਰਬਾਣੀ ਪਾਠ ਦੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਹਜ਼ੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਨੇ ਵੈਰਾਗਮਈ ਕੀਰਤਨ ਕੀਤਾ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਸਤੇ ਅਨੇਕਾਂ ਪੰਥਕ ਸ਼ਖਸ਼ੀਅਤਾਂ ਸੰਤ ਮਹਾਂਪੁਰਸ਼ਾਂ ਜਥੇਬੰਦੀਆਂ ਨੇ ਸ਼ਰਧਾਂਜਲੀ ਸਮਾਗਮ ਵਿੱਚ ਸ਼ਿਰਕਤ ਕੀਤੀ ਜਿਨਾਂ ਵਿੱਚ ਭਾਈ ਈਸਰ ਸਿੰਘ ਸਪੁੱਤਰ ਵੀਂਹਵੀ ਸਦੀ ਦੇ ਮਹਾਨ ਸਿੱਖ ਦਮਦਮੀ ਟਕਸਾਲ ਦੇ ਚੌਧਵੇਂ ਮੁਖੀ ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ,ਭਾਈ ਮੋਹਕਮ ਸਿੰਘ ਆਗੂ ਸ਼੍ਰੋਮਣੀ ਅਕਾਲੀ ਦਲ ਸੰਯੁਕਤ, ਭਾਈ ਸਤਨਾਮ ਸਿੰਘ ਮਨਾਵਾਂ ਦਮਦਮੀ ਟਕਸਾਲ,ਭਾਈ ਕਰਨੈਲ ਸਿੰਘ ਪੰਜੋਲੀ ਮੈਂਬਰ ਅਤੇ ਸਾਬਕਾ ਜਰਨਲ ਸਕੱਤਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਨਿਹੰਗ ਸਿੰਘ ਦਲ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ,ਜਥੇਦਾਰ ਬਾਬਾ ਸਵਰਨਜੀਤ ਸਿੰਘ ਮੁਖੀ ਨਿਹੰਗ ਸਿੰਘ ਜਥੇਬੰਦੀ ਤਰਨਾ ਦਲ,ਬਾਬਾ ਮੱਸਾ ਸਿੰਘ ਮੋਠਾਂਵਾਲਾ,ਬਾਬਾ ਹਰਦੇਵ ਸਿੰਘ ਭੈਣੀ ਮੱਸਾ ਸਿੰਘ,ਭਾਈ ਗੁਰਬਖਸ਼ ਸਿੰਘ ਮੀਤ ਪ੍ਰਧਾਨ ਸ੍ਰੋਮਣੀ ਕਮੇਟੀ,ਬਾਬਾ ਸੱਜਣ ਸਿੰਘ ਜੀ ਅਲਗੋਂ ਕੋਠੀ,ਬਾਬਾ ਅਜੀਤ ਸਿੰਘ ਜੀ ਲੌਲੀ ਵਾਲੇ,ਭਾਈ ਸੁਖਵਿੰਦਰ ਸਿੰਘ ਅਗਵਾਨ ਭਤੀਜੇ ਅਮਰ ਸ਼ਹੀਦ ਭਾਈ ਸਤਵੰਤ ਸਿੰਘ ਇੰਦਰਾ ਗਾਂਧੀ ਕਾਂਡ,ਭਾਈ ਮਨਧੀਰ ਸਿੰਘ ਨੁੰਮਾਂਇਦੇ ਭਾਈ ਦਲਜੀਤ ਸਿੰਘ ਬਿੱਟੂ,ਭਾਈ ਕਰਨੈਲ ਸਿੰਘ ਪੀਰਮੁਹੰਮਦ ਬੁਲਾਰੇ ਸ਼੍ਰੋਮਣੀ ਅਕਾਲੀ ਦਲ,ਭਾਈ ਪਰਮਿੰਦਰ ਸਿੰਘ ਢੀਂਗਰਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ,ਬੀਬੀ ਮਨਦੀਪ ਕੌਰ ਅਕਾਲੀ ਆਗੂ,ਬਲਵਿੰਦਰ ਸਿੰਘ ਲਾਡੀ ਸਾਬਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ,ਪ੍ਰੋਫੈਸਰ ਮੋਹਿੰਦਰਪਾਲ ਸਿੰਘ ਜਰਨਲ ਸਕੱਤਰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ,ਪੀਏ ਗੁਰਜੰਟ ਸਿੰਘ ਕੱਟੂ,ਭਾਈ ਸਰਬਜੀਤ ਸਿੰਘ ਬਜੂਹਾ,ਭਾਈ ਜਸਵੰਤ ਸਿੰਘ ਦੋਨਾਂ ਕਿਸਾਨ ਆਗੂ,ਭਾਈ ਦਰਸ਼ਨ ਸਿੰਘ ਯੂ ਐਸ ਏ,ਭਾਈ ਜੋਗਿੰਦਰ ਸਿੰਘ ਚੱਠਾ ਢੰਡੋਵਾਲ ਯੂ ਕੇ,ਭਾਈ ਭਵਨਦੀਪ ਸਿੰਘ ਲੁਧਿਆਣਾ,ਭਾਈ ਸੁਖਜੀਤ ਸਿੰਘ ਡਰੌਲੀ,ਭਾਈ ਜਸਵਿੰਦਰ ਸਿੰਘ ਡਰੋਲੀ,ਚੇਅਰਮੈਨ ਮਨਜੀਤ ਸਿੰਘ ਭਰੋਵਾਲ,ਭਾਈ ਹਰਜੀਤ ਸਿੰਘ ਪੰਡੋਰੀ ਵੀ ਹਾਜ਼ਰ ਸਨ ਭਾਈ ਰਮੇਸ਼ ਸਿੰਘ ਅਰੋੜਾ ਪ੍ਰਧਾਨ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ,ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,ਭਾਈ ਰਘਬੀਰ ਸਿੰਘ ਵਾਲਸਾਲ ਅਵਾਜਿ ਕੌਮ ਟੀਵੀ ਯੂਕੇ,ਭਾਈ ਕਪਤਾਨ ਸਿੰਘ ਆਗੂ ਇੰਟਰਨੈਸ਼ਨਲ ਪੰਥਕ ਦਲ ਯੂਕੇ,ਭਾਈ ਗੁਰਮੀਤ ਸਿੰਘ ਖਨਿਆਣ,ਭਾਈ ਗੁਰਦਿਆਲ ਸਿੰਘ ਲਾਲੀ ਜਰਮਨੀ,ਭਾਈ ਰੇਸ਼ਮ ਸਿੰਘ ਬੱਬਰ ਜਰਮਨੀ,ਭਾਈ ਲਖਵਿੰਦਰ ਸਿੰਘ ਮੱਲੀ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਰਮਨੀ,ਭਾਈ ਜਗਤਾਰ ਸਿੰਘ ਮਾਹਲ,ਭਾਈ ਜਸਕਰਨ ਸਿੰਘ ਕਾਹਨਸਿੰਘਵਾਲਾ ਅਕਾਲੀ ਦਲ ਫਤਹਿ,ਭਾਈ ਸੁਰਿੰਦਰ ਸਿੰਘ ਠੀਕਰੀਵਾਲ ਯੂ ਐਸ ਏ ਵਲੋਂ ਸ਼ੋਕ ਸੰਦੇਸ਼ ਪੁੱਜਾ ਬਾਬਾ ਪ੍ਰਦੀਪ ਸਿੰਘ ਚਾਂਦਪੁਰਾ ਆਗੂ ਪੰਥਕ ਸੇਵਾ ਲਹਿਰ ਦਾਦੂ ਸਾਹਿਬ ਵਲੋਂ ਮੰਚ ਸੰਚਾਲਨ ਸਲਾਘਾਯੋਗ ਤਰੀਕੇ ਨਾਲ ਕੀਤਾ ਗਿਆ ਮਾਤਾ ਨਿਰੰਜਣ ਕੌਰ ਦੇ ਸਪੁੱਤਰ ਭਾਈ ਸੁਰਜੀਤ ਸਿੰਘ ਉਨਾਂ ਦੀ ਧਰਮ ਸੁਪਤਨੀ ਬੀਬੀ ਕੁਲਵੀਰ ਕੌਰ ਅਤੇ ਭਾਈ ਪ੍ਰਗਟ ਸਿੰਘ ਜਰਮਨੀ ਦੀ ਧਰਮ ਸੁਪਤਨੀ ਬੀਬੀ ਹਰਪ੍ਰੀਤ ਕੌਰ ਦਾ ਸਨਮਾਨ ਪੰਥਕ ਜਥੇਬੰਦੀਆਂ ਵੱਲੋਂ ਕੀਤਾ ਗਿਆ ਪੰਥਕ ਯੋਧੇ ਭਾਈ ਲਾਲ ਸਿੰਘ ਅਕਾਲਗੜ,ਭਾਈ ਕਰਮਜੀਤ ਸਿੰਘ ਸੁਨਾਮ ਰਾਜੀਵ ਗਾਂਧੀ ਕਾਂਡ,ਭਾਈ ਹਰਨੇਕ ਸਿੰਘ ਭੱਪ ਤੇ ਭਾਈ ਰਮਿੰਦਰਜੀਤ ਸਿੰਘ ਟੈਣੀ ਦੇ ਭਰਾਤਾ ਭਾਈ ਚਰਨਜੀਤ ਸਿੰਘ ਹੈਪੀ ਦਾ ਵਿਸ਼ੇਸ਼ ਸਨਮਾਨ ਪੰਥਕ ਸਖਸੀਅਤਾਂ ਵਲੋਂ ਕੀਤਾ ਗਿਆ ਅੰਤਿਮ ਅਰਦਾਸ ਵਿੱਚ ਪੁੱਜੇ ਸਮੂੰਹ ਸੰਤ ਮਹਾਂਪੁਰਸ਼ਾਂ ਪੰਥਕ ਆਗੂਆਂ ਨੂੰ ਪਰਿਵਾਰ ਵਲੋਂ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਮਾਤਾ ਜੀ ਦਾ ਅੰਤਿਮ ਅਰਦਾਸ ਸਮਾਗਮ ਪੰਥਕ ਕਨਵੈਨਸ਼ਨ ਹੋ ਨਿੱਬੜਿਆ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮਾਤਾ ਨਿਰੰਜਨ ਕੌਰ ਜੀ ਦਾ

# ਸ਼ਰਧਾਂਜਲੀ ਸਮਾਗਮ ਪੰਥਕ ਕਨਵੈਨਸ਼ਨ ਹੋ ਨਿੱਬੜਿਆ

### ਪੰਥਕ ਯੋਧਿਆਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਸੰਸਾਰ ਤੇ ਸਦਾ ਹੀ ਲੋੜ - ਜਥੇਦਾਰ ਦਾਦੂਵਾਲ

















ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮਾਤਾ ਨਿਰੰਜਨ ਕੌਰ ਜੀ ਦਾ

# ਸ਼ਰਧਾਂਜਲੀ ਸਮਾਗਮ ਪੰਥਕ ਕਨਵੈਨਸ਼ਨ ਹੋ ਨਿੱਬੜਿਆ

### ਪੰਥਕ ਯੋਧਿਆਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਸੰਸਾਰ ਤੇ ਸਦਾ ਹੀ ਲੋੜ - ਜਥੇਦਾਰ ਦਾਦੂਵਾਲ



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਮਾਤਾ ਨਿਰੰਜਨ ਕੌਰ ਜੀ ਦਾ

# ਸ਼ਰਧਾਂਜਲੀ ਸਮਾਗਮ ਪੰਥਕ ਕਨਵੈਨਸ਼ਨ ਹੋ ਨਿੱਬੜਿਆ

### ਪੰਥਕ ਯੋਧਿਆਂ ਨੂੰ ਜਨਮ ਦੇਣ ਵਾਲੀਆਂ ਮਾਵਾਂ ਦੀ ਸੰਸਾਰ ਤੇ ਸਦਾ ਹੀ ਲੋੜ - ਜਥੇਦਾਰ ਦਾਦੂਵਾਲ




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




## ਰਸ਼ਿੰਪਦਰ ਕੌਰ ਗਿੱਲ

ਲੇਖਕ, ਐਂਕਰ, ਪ੍ਰਧਾਨ

**ਪੀਂਘਾਂ ਸੋਚ ਦੀਆਂ**

ਸਾਹਿਤ ਮੰਚ, ਪਬਲਿਕੇਸ਼ਨ, ਵੈੱਬ ਚੈਨਲ, ਮੈਗਜ਼ੀਨ

'ਅਵਾਜਿ ਕੌਮ' ਯੂ. ਕੇ. ਅਦਾਰੇ ਨਾਲ ਮੇਰੀ ਸਾਂਝ 2020 ਤੋਂ ਪਈ ਹੈ। ਮਿਲਣਾ ਕਦੇ ਨਹੀਂ ਹੋਇਆ ਪਰ ਅਦਾਰੇ ਦੇ ਸੰਚਾਲਕ ਭਾਈ ਰਘੁਬੀਰ ਸਿੰਘ ਜੀ ਵੱਲੋਂ ਸਤਿਕਾਰ ਅਤੇ ਮੇਰੇ ਕੰਮ ਨੂੰ ਲੈਕੇ ਉਤਸ਼ਾਹ ਮੈਨੂੰ ਇੰਨਾਂ ਮਿਲਦਾ ਹੈ ਕਿ ਮੈਂ ਇਹ ਹੀ ਕੋਸ਼ਿਸ਼ ਕਰਦੀ ਹਾਂ ਕਿ ਹੋਰ ਵੀ ਕੁਝ ਵਧੀਆ ਕਰ ਸਕਾਂ। ਮੇਰੇ ਜਨਮਦਿਨ ਦੀ ਖੁਸ਼ੀ ਵਿੱਚ ਭਾਈ ਸਾਹਿਬ ਸ਼ਾਮਿਲ ਹੋਏ ਮੇਰੇ ਲਈ ਮਾਣ ਦੀ ਗੱਲ ਹੈ। ਤਹਿ ਦਿਲੋਂ ਸ਼ੁਕਰੀਆ ਜੀ।

**ਅਦਾਰਾ ਆਵਾਜ਼ਿ ਕੌਮ ਦੀ ਸਮੁੱਚੀ ਟੀਮ ਅਤੇ ਮੁੱਖ ਸੰਪਾਦਕ ਰਘਵੀਰ ਸਿੰਘ ਵਾਲਸਾਲ ਵੱਲੋਂ**

# ਰਸ਼ਿੰਪਦਰ ਕੌਰ ਗਿੱਲ

**ਨੂੰ ਜਨਮਦਿਨ ਦੀਆਂ ਲੱਖ-ਲੱਖ ਵਧਾਈਆਂ। ਵਾਹਿਗੁਰੂ ਅੱਗੇ ਲੰਬੀ ਉਮਰ ਅਤੇ ਸਿਹਤਯਾਬੀ ਦੀ ਅਰਦਾਸ ਕਰਦੇ ਹਾਂ।**

# ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥

8 ਮਾਰਚ ਨੂੰ ਮਹਿਲਾ ਦਿਵਸ 'ਤੇ

ਸਾਡੇ ਸਮਾਜ ਵਿੱਚ ਇਸਤਰੀ ਨੂੰ ਮਰਦ ਦੇ ਮੁਕਾਬਲੇ ਨੀਵਾਂ ਸਮਝਿਆ ਜਾਂਦਾ ਹੈ। ਸਭ ਤੋਂ ਪਹਿਲਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੇ ਹੱਕ ਵਿੱਚ ਆਵਾਜ਼ ਉਠਾਈ।

**ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ॥**

**(ਆਸਾ ਕੀ ਵਾਰ ਮ:1, ਅੰਗ 473)**

ਵੱਡੇ-ਵੱਡੇ ਰਾਜਿਆਂ-ਮਹਾਰਾਜਿਆਂ, ਪੀਰਾਂ-ਪੈਗੰਬਰਾਂ ਨੂੰ ਜਨਮ ਦੇਣ ਵਾਲੀ ਮਾਂ ਰੂਪ ਇਸਤਰੀ ਨੂੰ ਨੀਵਾਂ ਕਿਉਂ ਦੇਖਿਆ ਜਾਂਦਾ ਹੈ। ਅੱਜ-ਕੱਲ੍ਹ ਲੜਕੀ ਨੂੰ ਜਨਮ ਦੇਣ ਤੋਂ ਪਹਿਲਾਂ ਹੀ ਮਾਰਿਆ ਜਾ ਰਿਹਾ ਹੈ, ਜਦਕਿ ਇਸ ਲਈ ਸਖ਼ਤ ਕਾਨੂੰਨ ਬਣੇ ਹਨ। ਲੜਕੇ ਦੀ ਅਹਿਮੀਅਤ ਅੱਜ ਵੀ ਸਾਡੇ ਸਮਾਜ ਵਿੱਚ ਲੜਕੀ ਨਾਲੋਂ ਵੱਧ ਸਮਝੀ ਜਾ ਰਹੀ ਹੈ। ਲੜਕੇ ਦੇ ਜਨਮ ਹੋਣ 'ਤੇ ਘਰ ਵਿੱਚ ਬੇਹੱਦ ਖ਼ੁਸ਼ੀਆਂ ਦਾ ਮਾਹੌਲ ਹੁੰਦਾ ਹੈ। ਜਦ ਕਿ ਲੜਕੀ ਦੇ ਜਨਮ ਤੇ ਕਿਸੇ-ਕਿਸੇ ਘਰ ਵਿੱਚ ਹੀ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਲੜਕੇ ਦੀ ਲੋਹੜੀ ਗਲੀ-ਗੁਆਂਢ, ਰਿਸ਼ਤੇਦਾਰਾਂ ਨਾਲ ਖ਼ੁਸ਼ੀ ਸਾਂਝੀ ਕਰਕੇ ਮਨਾਈ ਜਾਂਦੀ ਹੈ। ਲੜਕੀ ਦੀ ਲੋਹੜੀ ਮਨਾਉਣ ਲਈ ਬਹੁਤ ਘੱਟ ਅਵਸਰ ਦੇਖਣ ਨੂੰ ਮਿਲੇ ਹਨ। ਅੱਜ ਪੜ੍ਹੇ ਲਿਖੇ ਪਰਿਵਾਰ ਵੀ ਇਹਨਾਂ ਗੱਲਾਂ ਵਿੱਚ ਵਿਸ਼ਵਾਸ ਕਰਨ ਲੱਗ ਪਏ ਹਨ। ਇਸੇ ਕਰਕੇ ਅੱਜ ਔਰਤਾਂ ਦੀ ਗਿਣਤੀ ਮਰਦਾਂ ਦੇ ਮੁਕਾਬਲੇ ਘੱਟ ਹੈ। ਜੇਕਰ ਇਸੇ ਤਰ੍ਹਾਂ ਹੀ ਲੜਕੀਆਂ ਨੂੰ ਜਨਮ ਤੋਂ ਪਹਿਲਾਂ ਮਾਰਨ ਦਾ ਸਿਲਸਿਲਾ ਜਾਰੀ ਰਿਹਾ ਤਾਂ ਕੁਝ ਸਮੇਂ ਬਾਅਦ ਲੜਕਿਆਂ ਦੇ ਵਿਆਹ ਲਈ ਲੜਕੀਆਂ ਲੱਭਣੀਆਂ ਮੁਸ਼ਕਲ ਹੋ ਜਾਣਗੀਆਂ। 13 ਅਗਸਤ 1997 ਨੂੰ ਸੁਪਰੀਮ ਕੋਰਟ ਨੇ ਭਰੂਣ ਹੱਤਿਆ ਨੂੰ ਕਾਨੂੰਨਨ ਜੁਰਮ ਕਰਾਰ ਦਿੱਤਾ। ਇਸ ਬਾਬਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ।

ਪਿਛਲੇ ਕਈ ਸਾਲਾਂ ਤੋਂ ਮਰਦਮਸ਼ੁਮਾਰੀ ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਲੜਕੀ ਨੂੰ ਕੁੱਖ ਵਿੱਚ ਮਾਰ ਦੇਣ ਕਾਰਨ ਲੜਕਿਆਂ ਦੇ ਮੁਕਾਬਲੇ ਤੇ ਲੜਕੀਆਂ ਦੀ ਜਨਮ ਦਰ ਵਿੱਚ ਕਾਫ਼ੀ ਅੰਤਰ ਆਇਆ ਹੈ। ਸੰਨ 2002 ਦੇ ਅੰਕੜਿਆਂ ਮੁਤਾਬਕ ਔਸਤ ਦਰ 1000 ਲੜਕਿਆਂ ਪਿੱਛੇ 876 ਲੜਕੀਆਂ ਸਨ । ਸੰਨ 2011 ਵਿੱਚ ਫਤਿਹਗੜ੍ਹ ਸਾਹਿਬ ਵਿਖੇ 1000 ਲੜਕਿਆਂ ਪਿੱਛੇ 842 ਲੜਕੀਆਂ ਸਨ। ਸੰਨ 2014 ਵਿੱਚ 1000 ਮੁੰਡਿਆਂ ਦੇ ਪਿੱਛੇ ਕੁੜੀਆਂ ਦੀ ਜਨਮ ਦਰ 884 ਅਤੇ 2016 ਵਿੱਚ 1000 ਲੜਕਿਆਂ ਦੇ ਪਿੱਛੇ ਲੜਕੀਆਂ ਦੀ ਜਨਮ ਦਰ 945 ਸੀ । ਭਾਰਤ ਵਿੱਚ ਲੜਕੇ ਦੇ ਜੰਮਣ ਨਾਲ ਹੀ ਉਸ ਦਾ ਭਵਿੱਖ ਤੈਅ ਹੋ ਜਾਂਦਾ ਹੈ। 60 ਫ਼ੀਸਦੀ ਲੜਕੀਆਂ ਛੇ ਸਾਲ ਦੀ ਉਮਰ ਵਿੱਚ ਹੀ ਘਰੇਲੂ ਕੰਮਾਂ ਦਾ ਬੋਝ ਚੁੱਕਣ ਲੱਗ ਪੈਂਦੀਆਂ ਹਨ। ਅੱਜ ਤੋਂ 12 ਸਾਲ ਪਹਿਲਾਂ ਦੀ ਇੱਥੇ ਇੱਕ ਉਦਾਹਰਣ ਦੇਣੀ ਯੋਗ ਸਮਝਦਾ ਹਾਂ ਕਿ ਕਿਸ ਤਰ੍ਹਾਂ ਲੜਕੀਆਂ-ਲੜਕਿਆਂ ਦੇ ਬਰਾਬਰ ਘਰ ਦੇ ਕੰਮ, ਖੇਤੀਬਾੜੀ ਦੇ ਕੰਮ ਕਰਦੀਆਂ ਸਨ। ਫ਼ਾਜ਼ਿਲਕਾ (ਫ਼ਿਰੋਜ਼ਪੁਰ) ਦੇ ਪਿੰਡ ਢਿੱਪਾਂਵਾਲੀ ਦੀ 22 ਸਾਲਾ ਚਰਨਜੀਤ ਰਿੰਪੀ ਨੇ ਆਪਣੇ ਪਿਤਾ ਨਾਲ ਖੇਤੀ ਦੇ ਕੰਮ ਵਿੱਚ ਹੱਥ ਵਟਾਇਆ, ਅਚਾਨਕ ਰਿੰਪੀ ਦੇ ਪਿਤਾ ਦਾ ਹੱਥ ਸਿਰ ਤੋਂ ਉੱਠ ਗਿਆ। ਰਿੰਪੀ ਨੇ ਟਰੈਕਟਰ ਚਲਾਉਣਾ ਸਿੱਖਿਆ, ਕਣਕ ਦੀ ਕਟਾਈ, ਵਹਾਈ, ਕਰਾਹਾ ਲਾਉਣਾ, ਵੱਟਾਂ ਪਾਉਣੀਆਂ, ਦਿਨ-ਰਾਤ ਪਾਣੀ ਲਾਉਣਾ, ਫਸਲ ਉੱਤੇ ਸਪਰੇਅ ਕਰਨੀ ਆਦਿ ਸਾਰੇ ਕੰਮ ਆਪ ਕਰਨੇ ਸ਼ੁਰੂ ਕੀਤੇ। ਰਿੰਪੀ ਨੇ ਤਿੰਨ ਏਕੜ ਵਿੱਚ ਅਮਰੂਦਾਂ ਦਾ ਬਾਗ਼ ਲਾਇਆ। ਉਹ ਖੇਤੀ ਦੇ ਨਾਲ-ਨਾਲ ਮਸ਼ੀਨਰੀ ਦੇ ਸਾਰੇ ਕੰਮ ਵੀ ਕਰ ਲੈਂਦੀ ਸੀ। ਉਹ ਸਕੂਲ ਜਾਣ ਸਮੇਂ ਵੀ ਘਰ ਤੋਂ ਸਕੂਲ ਤੱਕ ਰੋਜ਼ਾਨਾ 10 ਕਿਲੋਮੀਟਰ ਦਾ ਸਫ਼ਰ ਸਾਈਕਲ ਰਾਹੀਂ ਤੈਅ ਕਰਦੀ ਸੀ। ਰਿੰਪੀ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ।



ਰਿੰਪੀ ਵਾਂਗ ਹੋਰ ਵੀ ਕਈ ਲੜਕੀਆਂ ਹਨ, ਜੋ ਆਪਣੇ ਮਾਂ-ਬਾਪ ਨਾਲ ਕਾਰੋਬਾਰ ਵਿੱਚ ਹੱਥ ਵਟਾਉਂਦੀਆਂ ਹਨ। ਅੱਜ ਵੀ ਔਰਤ ਪਾਇਲਟ, ਸਾਇੰਸਦਾਨ, ਇੰਜੀਨੀਅਰ, ਡਾਕਟਰ, ਪ੍ਰੋਫ਼ੈਸਰ, ਸਮਾਜ-ਸੇਵੀ ਹੈ। ਔਰਤ ਨੇ ਬਹੁਤ ਵੱਡੇ-ਵੱਡੇ ਮਾਅਰਕੇ ਮਾਰ ਕੇ ਇੱਕ ਵਿਲੱਖਣ ਇਤਿਹਾਸ ਸਿਰਜਿਆ ਹੈ। ਬੇਬੇ ਨਾਨਕੀ ਜੀ, ਮਾਈ ਭਾਗੋ ਜੀ, ਮਾਤਾ ਸਾਹਿਬ ਕੌਰ ਜੀ, ਮਾਤਾ ਗੁਜਰੀ ਜੀ,, ਬੀਬੀ ਭਾਨੀ ਜੀ, ਸ਼੍ਰੀਮਤੀ ਇੰਦਰਾ ਗਾਂਧੀ, ਰਜ਼ੀਆ ਸੁਲਤਾਨ, ਕਿਰਨ ਬੇਦੀ, ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਪੀ.ਟੀ.ਊਸ਼ਾ, ਅਰੁੰਧਤੀ ਰਾਏ, ਮੇਘਾ ਪਾਟੇਕਰ, ਪ੍ਰਿਅੰਕਾ ਮਿਸ਼ਰਾ, ਬੇਨਜ਼ੀਰ ਭੁੱਟੋ, ਮਦਰ ਟੈਰੇਸਾ, ਏਕਤਾ ਕਪੂਰ, ਕਲਪਨਾ ਚਾਵਲਾ, ਸਰੋਜਨੀ ਨਾਇਡੂ, ਲਤਾ ਮੰਗੇਸ਼ਕਰ, ਮਮਤਾ ਬੈਨਰਜੀ, ਸੋਨੀਆ ਗਾਂਧੀ, ਜੈਲਲਿਤਾ, ਸ਼੍ਰੀਮਤੀ ਪ੍ਰਤਿਭਾ ਪਾਟਿਲ, ਸ਼੍ਰੀਮਤੀ ਨਿਰਮਲਾ ਸੀਤਾਰਮਨ ਅਤੇ ਹੋਰ ਔਰਤਾਂ ਨੇ ਦੇਸ਼ ਦਾ ਨਾਂਅ ਰੋਸ਼ਨ ਕੀਤਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

ਔਰਤਾਂ ਨੇ ਰਾਜਨੀਤਕ ਖੇਤਰ, ਖੇਡਾਂ ਅਤੇ ਪੜ੍ਹਾਈ ਵਿੱਚ ਵੀ ਮੱਲ੍ਹਾਂ ਮਾਰੀਆਂ ਹਨ। ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿੱਚ ਬਹੁਤ ਸਾਰੀਆਂ ਔਰਤਾਂ ਨੇ ਜਿੱਤਾਂ ਪ੍ਰਾਪਤ ਕੀਤੀਆਂ ਹਨ। ਬਾਵਜੂਦ ਇਸ ਦੇ ਭਾਰਤ ਵਿੱਚ 60 ਫ਼ੀਸਦੀ ਔਰਤਾਂ ਅਨਪੜ੍ਹ ਹਨ। ਇਸ ਦਾ ਕਾਰਨ ਬਹੁਤ ਸਾਰੇ ਪਿੰਡਾਂ ਵਿੱਚ ਪ੍ਰਾਇਮਰੀ ਪੱਧਰ ਤੱਕ ਦੇ ਸਕੂਲਾਂ ਦਾ ਨਾ ਹੋਣਾ ਹੈ। ਪੜ੍ਹਾਈ ਵਿੱਚ ਕੁੜੀਆਂ ਮੁੰਡਿਆਂ ਨਾਲੋਂ ਵੀ ਅੱਗੇ ਜਾ ਰਹੀਆਂ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੇ ਪਿਛਲੇ ਕਈ ਸਾਲਾਂ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਪਹਿਲੇ ਸਥਾਨ ਲੜਕੀਆਂ ਨੇ ਹੀ ਪ੍ਰਾਪਤ ਕੀਤੇ ਹਨ। ਕੇਂਦਰੀ ਸਿੱਖਿਆ ਬੋਰਡ ਦਿੱਲੀ ਦੇ ਮੁਤਾਬਕ ਪਿਛਲੇ ਸਾਲ ਪਹਿਲੀ ਪੁਜੀਸ਼ਨ 81 ਫ਼ੀਸਦੀ ਲੜਕੀਆਂ ਨੇ ਹੀ ਪ੍ਰਾਪਤ ਕੀਤੀ। ਬ੍ਰਿਟੇਨ ਦੀ ਲੰਡਨ ਚੈਂਬਰ ਆਫ ਕਾਮਰਸ ਦੀ ਰਿਪੋਰਟ ਅਨੁਸਾਰ 1991 ਤੋਂ 1996 ਤੱਕ 4.5 ਲੱਖ ਨੌਕਰੀਆਂ ਜਿਹੜੀਆਂ ਵਕੀਲਾਂ, ਅਕਾਊਟੈਂਟ, ਬਿਜਨਸ ਐਗਜੈਕਟਿਵ ਦੀਆਂ ਸਨ, ਇਹਨਾਂ ਵਿੱਚੋਂ 60 ਫ਼ੀਸਦੀ ਪੋਸਟਾਂ ਤੇ ਔਰਤਾਂ ਚੁਣੀਆਂ ਗਈਆਂ। ਔਰਤਾਂ ਪੰਚਾਇਤ ਚੋਣਾਂ, ਸਰਪੰਚੀ, ਨਗਰ ਨਿਗਮ, ਨਗਰ ਕੌਂਸਲ, ਵਿਧਾਨ ਸਭਾ, ਲੋਕ ਸਭਾ ਚੋਣਾਂ ਵਿੱਚ ਜੇਤੂ ਹੋ ਕੇ ਨੁਮਾਇੰਦਗੀ ਕਰ ਰਹੀਆਂ ਹਨ। ਸੰਨ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੁੱਲ 117 ਸੀਟਾਂ ਤੇ 1304 ਉਮੀਦਵਾਰਾਂ ਵਿੱਚੋਂ 93 ਔਰਤਾਂ ਚੋਣ ਲੜ ਚੁੱਕੀਆਂ ਹਨ। ਮੁੱਖ ਪਾਰਟੀਆਂ ਨੇ 37 ਅਤੇ ਛੋਟੀਆਂ ਪਾਰਟੀਆਂ ਨੇ 28 ਔਰਤਾਂ ਨੂੰ ਉਮੀਦਵਾਰ ਬਣਾਇਆ ਸੀ।

ਪਹਿਲਾਂ ਪਹਿਲ ਔਰਤਾਂ ਜਬਰ-ਜਨਾਹ ਦੇ ਜ਼ੁਰਮਾਂ ਨੂੰ ਲੁਕਾ ਕੇ ਰੱਖਦੀਆਂ ਸਨ, ਇੱਥੋਂ ਤੱਕ ਕਿ ਮਾਂ-ਪਿਉ ਕਿਸੇ ਰਿਸ਼ਤੇਦਾਰਾਂ ਜਾਂ ਅਫ਼ਸਰੀ ਤਬਕੇ ਨੂੰ ਵੀ ਦੱਸਣ ਤੋਂ ਝਿਜਕਦੀਆਂ ਸਨ ਤੇ ਵਿੱਚੋ-ਵਿੱਚ ਹੀ ਘੁਲਦੀਆਂ ਰਹਿੰਦੀਆਂ ਸਨ। ਅੱਜ ਔਰਤ ਹਿੰਮਤ ਕਰਕੇ ਆਪਣੇ ਉੱਪਰ ਜ਼ੁਲਮ ਕਰਨ ਵਾਲਿਆਂ ਨੂੰ ਸਜ਼ਾ ਦਿਵਾ ਰਹੀ ਹੈ। ਅੱਜ ਔਰਤ ਕਮਜ਼ੋਰ ਨਹੀਂ। ਔਰਤ, ਜੋ ਕਦੇ ਮਾਂ, ਭੈਣ, ਧੀ ਅਤੇ ਕਦੇ ਪਤਨੀ ਦੇ ਰੂਪ ਵਿੱਚ ਮਰਦ ਪ੍ਰਧਾਨ ਸਮਾਜ ਨੂੰ ਸਹਾਰਾ ਦਿੰਦੀ ਹੈ।

ਇਸ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਅਸੀਂ ਕਹਿਣ ਨੂੰ ਭਾਵੇਂ ਇਹ ਜ਼ਰੂਰ ਕਹਿ ਲਈਏ ਕਿ ਔਰਤ ਮਰਦ ਦੇ ਮੁਕਾਬਲੇ ਘੱਟ ਨਹੀਂ ਹੈ ਪਰ ਫਿਰ ਵੀ ਔਰਤ ਨੂੰ ਹਮੇਸ਼ਾਂ ਨੀਵਾਂ ਸਮਝਿਆ ਜਾ ਰਿਹਾ ਹੈ। ਔਰਤ ਉੱਪਰ ਅੱਜ ਵੀ ਹੱਥ ਉੱਠ ਰਿਹਾ ਹੈ, ਜ਼ੁਲਮ ਹੋ ਰਿਹਾ ਹੈ, ਉਸ ਨੂੰ ਪੈਰ ਦੀ ਜੁੱਤੀ ਸਮਝਿਆ ਜਾ ਰਿਹਾ ਹੈ। ਭਾਵੇਂ ਮਨੁੱਖੀ ਲੋੜਾਂ ਵਧਣ ਦੇ ਨਾਲ-ਨਾਲ ਔਰਤਾਂ ਸਵੇਰ ਤੋਂ ਸ਼ਾਮ ਤੱਕ ਖੇਤਾਂ, ਫੈਕਟਰੀਆਂ, ਦਫ਼ਤਰਾਂ, ਬਜ਼ਾਰਾਂ, ਦੁਕਾਨਾਂ, ਸਕੂਲਾਂ, ਕਾਲਜਾਂ ਭਾਵ ਸਮਾਜ ਦੇ ਹਰ ਖੇਤਰ ਵਿੱਚ ਆਦਮੀਆਂ ਦੇ ਬਰਾਬਰ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ ਫਿਰ ਉਸ ਨੂੰ ਨੀਵਾਂ ਕਿਉਂ ਸਮਝਿਆ ਜਾਵੇ। ਸਾਨੂੰ ਆਪਣੀ ਸੋਚ ਬਦਲਣ ਦੀ ਲੋੜ ਹੈ ਕਿਉਂਕਿ ਔਰਤਾਂ ਕਿਸੇ ਵੀ ਤਰ੍ਹਾਂ ਮਰਦਾਂ ਤੋਂ ਘੱਟ ਨਹੀਂ ਹੈ, ਬਸ ਜ਼ਰੂਰਤ ਹੈ ਬਰਾਬਰ ਮੌਕੇ ਪ੍ਰਦਾਨ ਕਰਨ ਦੀ। ਅੰਤ ਵਿੱਚ ਮਹਿਲਾ ਦਿਵਸ ਬਾਰੇ ਸੰਖੇਪ ਵਿੱਚ ਦੱਸ ਕੇ ਸਮਾਪਤ ਕਰਾਂਗਾ। ਹਰ ਸਾਲ 8 ਮਾਰਚ ਨੂੰ ਮਹਿਲਾ ਦਿਵਸ ਮਨਾਇਆ ਜਾਂਦਾ ਹੈ। 1918 ਤੋਂ ਅੰਤਰਰਾਸ਼ਟਰੀ ਔਰਤ ਦਿਵਸ ਮਨਾਇਆ ਜਾਣ ਲੱਗਾ ਤੇ 1975 ਵਿੱਚ ਸੰਯੁਕਤ ਰਾਸ਼ਟਰ ਦੀ ਅਸੈਂਬਲੀ ਵਿੱਚ ਮਤਾ ਪਾਸ ਕਰਕੇ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਮਾਨਤਾ ਦਿੱਤੀ ਗਈ। ਇਸ ਦਿਹਾੜੇ ਵੱਡੇ-ਵੱਡੇ ਸਮਾਗਮ ਕੀਤੇ ਜਾਂਦੇ ਹਨ। ਔਰਤਾਂ ਨੂੰ ਦਿੱਤੇ ਜਾਣ ਵਾਲੇ ਅਧਿਕਾਰਾਂ ਬਾਰੇ ਲੈਕਚਰ, ਭਾਸ਼ਣ ਦਿੱਤੇ ਜਾਂਦੇ ਹਨ ਪਰ ਇਹਨਾਂ ਤੇ ਅਮਲ ਨਾ ਮਾਤਰ ਹੀ ਹੁੰਦਾ ਹੈ। ਕੀ ਅੱਜ (8 ਮਾਰਚ) ਵੀ ਵੱਡੇ-ਵੱਡੇ ਸਮਾਗਮ ਕਰਕੇ ਔਰਤਾਂ ਨੂੰ ਦਿਲਾਸਾ ਹੀ ਦਿੱਤਾ ਜਾਵੇਗਾ ਜਾਂ ਉਹਨਾਂ ਦੇ ਹੱਕਾਂ ਪ੍ਰਤੀ ਆਵਾਜ਼ ਵੀ ਬੁਲੰਦ ਕੀਤੀ ਜਾਵੇਗੀ। ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

**-ਕਰਨੈਲ ਸਿੰਘ ਐੱਮ.ਏ. ਲੁਧਿਆਣਾ**




## ਮਾਮਲਾ ਬਾਦਲ-ਢੀਂਡਸਾ ਦੇ ਮਿਲਾਪ ਦਾ : ਅਕਾਲੀ ਨਹੀਂ, ਚੋਰ ਇਕੱਠੇ ਹੋਏ ਨੇ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ

**ਅੰਮ੍ਰਿਤਸਰ**, 7 ਮਾਰਚ (**ਆਵਾਜ਼ਿ ਕੌਮ ਬਿਊਰੋ**)-ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੇ ਮਿਲਾਪ 'ਤੇ ਸਖ਼ਤ ਟਿੱਪਣੀ ਕਰਦਿਆਂ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਪਹਿਲਾਂ ਜਦੋਂ ਅਕਾਲੀ ਦਲ ਦੇ ਵੱਖ-ਵੱਖ ਧੜੇ ਇਕੱਠੇ ਹੋ ਜਾਂਦੇ ਸਨ ਤਾਂ ਲੋਕ ਕਹਿੰਦੇ ਸੀ ਕਿ ਪੰਥ ਇਕੱਠਾ ਹੋ ਗਿਆ, ਪਰ ਹੁਣ ਜਦੋਂ ਇਹ ਅਖੌਤੀ ਅਕਾਲੀ ਆਪਣੇ ਨਿੱਜ ਅਤੇ ਸਿਆਸਤ ਦੀ ਪੂਰਤੀ ਲਈ ਇਕੱਠੇ ਹੁੰਦੇ ਨੇ ਤਾਂ ਲੋਕੀ ਕਹਿੰਦੇ ਨੇ ਕਿ ਚੋਰ ਇਕੱਠੇ ਹੋ ਗਏ। ਉਹਨਾਂ ਕਿਹਾ ਕਿ ਜਦੋਂ ਸੁਖਦੇਵ ਸਿੰਘ ਢੀਂਡਸਾ, ਸੁਖਬੀਰ ਬਾਦਲ ਨਾਲੋਂ ਅਲੱਗ ਹੋਇਆ ਸੀ ਤਾਂ ਅਸੀਂ ਉਦੋਂ ਤੋਂ ਹੀ ਸੰਗਤਾਂ ਨੂੰ ਸੁਚੇਤ ਕਰਦੇ ਆ ਰਹੇ ਹਾਂ ਕਿ ਇਹਨਾਂ ਨੇ ਸਿਰਫ਼ ਢਕਵੰਜ/ਡਰਾਮਾ ਰਚਿਆ ਹੋਇਆ ਹੈ ਤੇ ਸਮਾਂ ਆਉਣ ਤੇ ਇਹ ਇਕੱਠੇ ਹੋ ਜਾਣਗੇ। ਉਹਨਾਂ ਕਿਹਾ ਕਿ ਸੁਖਬੀਰ ਬਾਦਲ ਹੋਵੇ ਜਾਂ ਸੁਖਦੇਵ ਸਿੰਘ ਢੀਂਡਸਾ ਇਹਨਾਂ ਵਿੱਚ ਪੰਥ ਪ੍ਰਸਤੀ ਅਤੇ ਪੰਜਾਬ ਪ੍ਰਸਤੀ ਨਹੀਂ, ਇਹ ਪੰਥ ਅਤੇ ਪੰਜਾਬ ਦੇ ਹਿੱਤਾਂ ਵਿਰੁੱਧ ਭੁਗਤਦੇ ਹਨ, ਇਹ ਰਲ-ਮਿਲ ਕੇ ਖਾਲਸਾ ਪੰਥ ਅਤੇ ਪੰਜਾਬ ਵਾਸੀਆਂ ਨੂੰ ਮੂਰਖ ਬਣਾਉਂਦੇ ਆ ਰਹੇ ਹਨ। ਯਾਦ ਰੱਖਣ ਦੀ ਲੋੜ ਹੈ ਕਿ ਸੁਖਦੇਵ ਸਿੰਘ ਢੀਂਡਸਾ ਵੀ ਸਿੱਖਾਂ ਦੇ ਕਾਤਲ ਇਜ਼ਹਾਰ ਆਲਮ ਦਾ ਯਾਰ ਰਿਹਾ ਹੈ। ਇਹਨਾਂ ਅਖੌਤੀ ਅਕਾਲੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ, ਸੰਘਰਸ਼ਸ਼ੀਲ ਸਿੰਘਾਂ ਦੀਆਂ ਸ਼ਹੀਦੀਆਂ, ਬੰਦੀ ਸਿੰਘਾਂ ਦੀਆਂ ਰਿਹਾਈਆਂ, ਹੱਕ ਮੰਗਦੇ ਕਿਸਾਨਾਂ, ਬੇਰੁਜ਼ਗਾਰਾਂ ਨੌਜਵਾਨਾਂ ਅਤੇ ਦਸ ਸਿੱਖ ਨੌਜਵਾਨਾਂ 'ਤੇ ਲੱਗੀ ਐਨ.ਐਸ.ਏ. ਦਾ ਕੋਈ ਦੁੱਖ ਨਹੀਂ। ਇਹ ਉਹ ਅਕਾਲੀ ਨਹੀਂ ਜੋ ਪੰਥ ਵਸੈ ਮੈਂ ਉੱਜੜਾ ਸਿਧਾਂਤ ਦੇ ਧਾਰਨੀ ਸਨ, ਇਹ ਤਾਂ ਕਹਿੰਦੇ ਹਨ ਕਿ ਸਾਡੀ ਸਿਆਸਤ ਚਮਕਣੀ ਚਾਹੀਦੀ ਹੈ, ਕੁਰਸੀ ਮਿਲਣੀ ਚਾਹੀਦੀ ਹੈ, ਪੰਥ ਭਾਵੇਂ ਢੱਠੇ ਖੂਹ ਵਿੱਚ ਪਵੇ। ਇਹਨਾਂ ਅਖੌਤੀ ਅਕਾਲੀਆਂ ਨੇ ਰਲ ਮਿਲ ਕੇ ਖਾਲਸਾ ਪੰਥ ਦੀ ਮਹਾਨ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਪੰਜਾਬੀ ਦਲ ਬਣਾਇਆ, ਫਿਰ ਬਾਦਲ ਦਲ ਤੋਂ ਬੇਅਦਬੀ ਦਲ ਬਣਾ ਧਰਿਆ ਹੈ। ਸੁਖਬੀਰ ਬਾਦਲ ਤੇ ਸੁਖਦੇਵ ਢੀਂਡਸਾ ਦਾ ਨਾਂ ਇਤਿਹਾਸ ਵਿੱਚ ਹਰਚੰਦ ਸਿੰਘ ਲੌਂਗੋਵਾਲ ਅਤੇ ਸੁਰਜੀਤ ਸਿੰਘ ਬਰਨਾਲੇ ਵਾਂਗ ਕੌਮ ਦੇ ਗੱਦਾਰਾਂ ਵਿੱਚ ਗਿਣਿਆ ਜਾਏਗਾ। ਇਹ ਪੰਥ ਅਤੇ ਪੰਜਾਬ ਦੇ ਹਿਤੈਸ਼ੀ ਨਹੀਂ, ਇਹ ਪੰਥ ਅਤੇ ਪੰਜਾਬ ਨੂੰ ਲੁੱਟਣ-ਕੁੱਟਣ ਵਾਲੇ ਹਨ, ਇਹ ਦਿੱਲੀ ਦਰਬਾਰ ਦੇ ਪਿਆਦੇ ਹਨ। ਹੁਣ ਇਹਨਾਂ ਨੇ ਥੋੜੇ ਦਿਨਾਂ ਬਾਅਦ ਭਾਜਪਾ ਅਤੇ ਆਰ.ਐਸ.ਐਸ. ਦੇ ਨਾਲ ਵੀ ਜਨਤਕ ਤੌਰ 'ਤੇ ਜੱਫੀਆਂ ਪਾਉਣੀਆਂ ਹਨ। ਇਹ ਕੁੜਤੇ-ਪਜਾਮੇ ਤੇ ਗਾਤਰੇ-ਕਛਹਿਰਿਆਂ ਵਾਲੇ ਅਕਾਲੀ ਨਹੀਂ, ਇਹ ਖਾਕੀ ਨਿੱਕਰਾਂ ਵਾਲੇ ਹਿੰਦੁਤਵ ਦੇ ਹੱਥਠੋਕੇ ਹਨ।



ਆਵਾਜ਼ਿ ਕੌਮ AWAZE QAUM International Newspaper & WEB TV


ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥
ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ
ਸਿੱਖ ਨਵਾਂ ਸਾਲ
ਚੇਤ ਦੀ ਸੰਗਰਾਂਦ
ਸੰਤ ਬਾਬਾ ਮਨਵੀਰ ਸਿੰਘ ਜੀ
ਨਾਨਕਸਰ ਵਾਲ਼ੇ
ਭਾਈ ਸਿਮਰਜੀਤ ਸਿੰਘ ਜੀ ਪਰਵਾਨਾ
ਕਵੀਸ਼ਰੀ ਜਥਾ
ਬੁੱਧਵਾਰ 13 ਮਾਰਚ 2024
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਰਾਤ 7 ਵਜੇ ਤੋਂ 11 ਵਜੇ
LIVE ON
ਭੁੱਲਰ TV
Facebook
YouTube
ਗਿਆਨੀ ਗੁਰਜੀਤ ਸਿੰਘ ਜੀ
ਪਟਿਆਲਾ
ਗਿਆਨੀ ਅਵਤਾਰ ਸਿੰਘ ਜੀ
ਸ੍ਰੀ ਅੰਮ੍ਰਿਤਸਰ ਸਾਹਿਬ
ਭਾਈ ਗੁਰਤੇਜ ਸਿੰਘ ਜੀ
ਬਠਿੰਡਾ
ਗਿਆਨੀ ਜਗਸੀਰ ਸਿੰਘ ਜੀ
ਗਿਆਨੀ ਸਤਨਾਮ ਸਿੰਘ ਜੀ
ਸਟੇਜ ਸੈਕਟਰੀ
ਗੁਰੂ ਕਾ ਲੰਗਰ
ਅਤੁੱਟ ਵਰਤੇਗਾ
ਆਪ ਜੀ ਨੇ ਪਰਿਵਾਰ ਸਮੇਤ ਹਾਜਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਜੀ।
ਗੁਰਮਤਿ ਸਮਾਗਮ ਵਿੱਚ ਹਾਜਰੀ ਭਰਨ ਵਾਲੇ ਅਤੇ ਪਿੰਡ ਦੇ ਸਾਰੇ ਕੇਸਾਧਾਰੀ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਵੱਲੋਂ: ਸਮੂਹ ਸਾਧ ਸੰਗਤ ਪਿੰਡ ਮੱਤਾ (ਫਰੀਦਕੋਟ)
ਸੰਪਰਕ ਨੰ. ਗੁਰਪ੍ਰੀਤ ਸਿੰਘ- 91547 00084, ਜਸਬੀਰ ਸਿੰਘ-94176 10208


ਨਾਨਕਸ਼ਾਹੀ ਸੰਮਤ ੫੫੬ ਦੇ ਆਗਮਨ ਦੀ ਖੁਸ਼ੀ ਵਿੱਚ
ਸੁੰਦਰ ਦਸਤਾਰ ਮੁਕਾਬਲੇ
ਪਾਲ ਇੰਟਰਨੈਸ਼ਨਲ ਐਜੂਕੇਸ਼ਨਲ ਕਾਲਜ ਦੇ ਸਹਿਯੋਗ ਨਾਲ
ਮਿਤੀ 13 ਮਾਰਚ 2024 ਦਿਨ ਬੁੱਧਵਾਰ
ਗੁਰਦੁਆਰਾ ਨਾਨਕਸਰ ਸਾਹਿਬ, ਪਿੰਡ ਮੱਤਾ (ਫਰੀਦਕੋਟ)
ਸਮਾਂ: ਦੁਪਿਹਰ 12:00 ਵਜੇ
ਜੇਤੂ ਬੱਚਿਆ ਨੂੰ ਨਗਦ ਇਨਾਮ+ਦਸਤਾਰ+ਟਰਾਫੀ ਦਿੱਤੀ ਜਾਵੇਗੀ।
ਨੋਟ:
ਇਸ ਮੁਕਾਬਲੇ ਵਿੱਚ ਪ੍ਰੋਫੈਸ਼ਨਲ ਕੋਚ ਭਾਗ ਨਹੀਂ ਲੈ ਸਕਦਾ।
LIVE ON
ਭੁੱਲਰ TV
Facebook
YouTube
ਸ਼ਰਤਾਂ:-
01. ਪ੍ਰਤੀਯੋਗੀ ਆਪਣੀ ਦਸਤਾਰ, ਸ਼ੀਸ਼ਾ, ਬਾਜ਼, ਪੱਗ ਪਿੰਨ ਸਾਰਾ ਸਮਾਨ ਨਾਲ ਲੈ ਕੇ ਆਵੇਗਾ।
02. ਦਸਤਾਰ ਮੁਕਾਬਲੇ ਵਿੱਚ ਤਿੰਨ ਜੇਤੂ ਪੁਜੀਸ਼ਨਾਂ ਹੋਣਗੀਆਂ।
03. ਇਸ ਮੁਕਾਬਲੇ ਵਿੱਚ ਹਰੇਕ ਉਮਰ ਦਾ ਵਿਅਕਤੀ ਭਾਗ ਲੈ ਸਕਦਾ ਹੈ।
04. ਸੰਖੇਪ ਇਤਿਹਾਸ ਬਾਰੇ ਜਾਣਕਾਰੀ ਹੋਣਾ ਲਾਜ਼ਮੀ ਹੈ।
05. ਜੱਜ ਦਾ ਫੈਸਲਾ ਅਟੱਲ ਹੋਵੇਗਾ।
ਸੰਪਰਕ - ਅਵਤਾਰ ਸਿੰਘ 94640-10033, ਗੁਰਸੇਵਕ ਸਿੰਘ 95921-32999, ਹਰਿੰਦਰ ਸਿੰਘ (ਦਸਤਾਰ ਕੋਚ) 98884-02583, ਜਗਸੀਰ ਸਿੰਘ 94171-01193
PAUL INTERNATIONAL EDUCATIONAL COLLEGE
Nanny, Personal Support Worker, PR, Visitor Visa, Work Visa | Contact : +91 81469-62394

ਜੱਥਾ ਦਾਦੂ ਸਾਹਿਬ ਦੇ ਨਜ਼ਦੀਕੀ ਸਿੰਘ ਜਥੇਦਾਰ ਸੁਰਜੀਤ ਸਿੰਘ ਕੌਰੇਆਣਾ ਦੀ ਅੰਤਿਮ ਅਰਦਾਸ ਸਮੇਂ

# ਗੁਰਦੁਆਰਾ ਸਾਹਿਬ ਪਿੰਡ ਕੌਰੇਆਣਾ ਬਠਿੰਡਾ ਵਿਖੇ ਵੈਰਾਗਮਈ ਕੀਰਤਨ






ਆਵਾਜ਼ਿ ਕੌਮ AWAZE QAUM International Newspaper & WEB TV




ਜੱਥਾ ਦਾਦੂ ਸਾਹਿਬ ਦੇ ਨਜ਼ਦੀਕੀ ਸਿੰਘ ਜਥੇਦਾਰ ਸੁਰਜੀਤ ਸਿੰਘ ਕੌਰੇਆਣਾ ਦੀ ਅੰਤਿਮ ਅਰਦਾਸ ਸਮੇਂ ਗੁਰਦੁਆਰਾ ਸਾਹਿਬ ਪਿੰਡ ਕੌਰੇਆਣਾ ਬਠਿੰਡਾ ਵਿਖੇ ਵੈਰਾਗਮਈ ਕੀਰਤਨ ਕਰਦੇ ਰਾਗੀ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਜੱਥਾ ਗੁਰਦੁਆਰਾ ਦਾਦੂ ਸਾਹਿਬ ਅਤੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਮੈਂਬਰ ਅਤੇ ਸਾਬਕਾ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਾਜ਼ਰ ਸਿੱਖ ਸੰਗਤਾਂ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ, ਯੂ. ਕੇ.)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਡਿੱਬਰੂਗੜ੍ਹ ਜੇਲ੍ਹ ਤੋਂ ਪੰਜਾਬ ਵਿੱਚ ਤਬਦੀਲ ਕਰਨ ਵਾਸਤੇ

# ਚੱਲ ਰਹੇ ਸ਼ਾਂਤਮਈ ਸੰਘਰਸ਼ ਦੇ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਵਾਲਿਆਂ ਵੱਲੋਂ ਹਾਜ਼ਰੀ ਭਰੀ ਗਈ
















ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨਾਂ ਦੇ ਸਾਥੀਆਂ ਨੂੰ ਡਿੱਬਰੂਗੜ੍ਹ ਜੇਲ੍ਹ ਤੋਂ ਪੰਜਾਬ ਵਿੱਚ ਤਬਦੀਲ ਕਰਨ ਵਾਸਤੇ ਚੱਲ ਰਹੇ ਸ਼ਾਂਤਮਈ ਸੰਘਰਸ਼ ਦੇ ਵਿੱਚ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਵਾਲਿਆਂ ਵੱਲੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਹਾਜਰੀ ਭਰੀ ਗਈ। (ਫੋਟੋਆਂ ਤੇ ਵੇਰਵਾ : ਆਵਾਜ਼ਿ ਕੌਮ ਬਿਊਰੋ)

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਪੰਥ ਅਤੇ ਪੰਜਾਬ ਲਈ ਹਾਅ ਦਾ ਨਾਅਰਾ ਮਾਰਨ ਵਾਲੇ



**ਪੱਤਰਕਾਰ ਕਮਲ ਪ੍ਰਿੰਸ ਪ੍ਰੀਤ ਸਿੰਘ ਸੈਣੀ ਜੋ ਕਿ ਮਿਤੀ 4 ਮਾਰਚ 2024 ਨੂੰ ਅਕਾਲ ਚਲਾਣਾ ਕਰ ਗਏ ਸਨ ਦਾ ਅੰਤਿਮ ਸੰਸਕਾਰ ਕੱਲ੍ਹ ਮਿਤੀ 8 ਮਾਰਚ 2024 ਦਿਨ ਸ਼ੁੱਕਰਵਾਰ ਨੂੰ ਉਹਨਾਂ ਦੇ ਜੱਦੀ ਪਿੰਡ ਜਾਜਾ (ਨਜ਼ਦੀਕ ਟਾਂਡਾ ਉੜਮੁੜ) ਜਿਲ੍ਹਾ ਹੁਸ਼ਿਆਰਪੁਰ ਵਿਖੇ ਦੁਪਿਹਰ 2 ਵਜੇ ਕੀਤਾ ਜਾਵੇਗਾ। ਭੋਗ ਅਤੇ ਅੰਤਿਮ ਅਰਦਾਸ ਦੀ ਤਾਰੀਖ ਬਾਰੇ ਵੀ ਕੱਲ੍ਹ ਹੀ ਸੂਚਿਤ ਕੀਤਾ ਜਾਵੇਗਾ। ਆਪ ਸਭ ਨੂੰ ਉਹਨਾਂ ਦੇ ਅੰਤਿਮ ਸੰਸਕਾਰ ਮੌਕੇ ਪਹੁੰਚਣ ਦੀ ਸਨਿਮਰ ਬੇਨਤੀ ਹੈ ਜੀ।**

ਆਵਾਜ਼ਿ ਕੌਮ AWAZE QAUM International Newspaper & WEB TV

-✶ ਬੇਨਤੀ ਕਰਤਾ ✶-

## ਭਾਈ ਬਲਦੇਵ ਸਿੰਘ ਵਡਾਲਾ

**ਮੁੱਖ ਸੇਵਾਦਾਰ, ਸਿੱਖ ਸਦਭਾਵਨਾ ਦਲ (ਰਜ਼ਿ)**

ਬੀਬਾ ਗੁਰਪ੍ਰੀਤ ਕੌਰ ਨੂੰ ਸ਼ਰਧਾ ਦੇ ਫੁਲ ਭੇਂਟ ਕਰਨ ਲਈ ਘੰਟਿਆਂ ਬੱਧੀ ਕਰਨਾ ਪਿਆ ਇੰਤਜ਼ਾਰ

# ਅੰਤਿਮ ਅਰਦਾਸ ਮੌਕੇ ਦੇਸ਼ ਵਿਦੇਸ਼ ਦੀਆਂ ਹਜਾਰਾਂ ਸੰਗਤਾਂ ਨੇ ਸ਼ਮੂਲੀਅਤ ਕੀਤੀ






**ਸ੍ਰੀ ਚੌਕ ਮਹਿਤਾ, 7 ਮਾਰਚ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਤਰਨ ਤਾਰਨ ਰੋਡ ਸਥਿਤ,ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਮੁੱਖੀ ਭਾਈ ਗੁਰਇਕਬਾਲ ਸਿੰਘ ਜੀ ਦੀ ਵੱਡੀ ਬੇਟੀ ਬੀਬਾ ਗੁਰਪ੍ਰੀਤ ਕੌਰ ਜੋ ਬੀਤੇ ਦਿਨੀਂ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਅੰਤਿਮ ਅਰਦਾਸ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਕੀਤੀ ਗਈ ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਤੋਂ ਐਡੀਸ਼ਨ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ , ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ , ਸਿੰਘ ਸਾਹਿਬ ਗਿਆਨੀ ਸੁਖਵਿੰਦਰ , ਸਿੰਘ ਸਾਹਿਬ ਗਿਆਨੀ ਰਾਜਬੀਰ ਸਿੰਘ , ਅਰਦਾਸੀਏ ਭਾਈ ਪ੍ਰੇਮ ਸਿੰਘ , ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ , ਗ੍ਰੰਥੀ ਭਾਈ ਬਿਕਰਮਜੀਤ ਸਿੰਘ , ਤੋਂ ਇਲਾਵਾ ਭਾਈ ਮਨਪ੍ਰੀਤ ਸਿੰਘ ਕਾਨਪੁਰੀ , ਭਾਈ ਰਵਿੰਦਰ ਸਿੰਘ , ਭਾਈ ਜਬਰਤੋੜ ਸਿੰਘ , ਭਾਈ ਸੁਭਪ੍ਰੀਤ ਸਿੰਘ , ਭਾਈ ਜਗਰੂਪ ਸਿੰਘ, ਭਾਈ ਗੁਰਿੰਦਰ ਸਿੰਘ ਰਿੰਕੂ ਭਾਈ ਗੁਰਸ਼ਰਨ ਸਿੰਘ ਲੁਧਿਆਣਾ , ਸ਼ਬਦ ਚੌਂਕੀ ਜਥਾ ਗੁਰਦੁਆਰਾ ਸ਼ਹੀਦਗੰਜ ਸਾਹਿਬ ਅਤੇ ਕਥਾ ਵਾਚਕ ਭਾਈ ਵਿਸ਼ਾਲ ਸਿੰਘ ਨੇ ਕਥਾ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਬੀਬਾ ਗੁਰਪ੍ਰੀਤ ਕੌਰ ਨੂੰ ਸ਼ਰਧਾਂਜਲੀ ਅਰਪਣ ਕੀਤੀ ਇਸ ਮੌਕੇ ਵਿਸ਼ੇਸ਼ ਤੌਰ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਪਿਆਰੇ, ਸੰਤ ਗੁਰਜੀਤ ਸਿੰਘ ਨਾਨਕਸਰ, ਬਾਬਾ ਹਰੀ ਸਿੰਘ ਹਰੀਕੇ ਪੱਤਣ , ਬਾਬਾ ਹਰਚਰਨ ਸਿੰਘ ਰਮਦਾਸ ਪੁਰ , ਮਨਵੀਰ ਸਿੰਘ ਭੁਚੋ ਸਾਹਿਬ , ਸੰਤ ਸੁਰਿੰਦਰ ਸਿੰਘ ਮਿੱਠਾ ਟਿਵਾਣਾ , ਭਾਈ ਤਜਿੰਦਰ ਸਿੰਘ ਜਿੰਦੂ ਨਾਨਕ ਸਰ , ਸੰਤ ਅਮਨਦੀਪ ਸਿੰਘ ਡੇਰਾ ਸਤੋ ਵਾਲੇ ਸਿੱਖ ਚਿੰਤਕ ਸ੍ਰ ਦਿਲਜੀਤ ਸਿੰਘ ਬੇਦੀ , ਬਾਬਾ ਦਰਸ਼ਨ ਸਿੰਘ ਟਾਹਲਾ ਸਾਹਿਬ , ਬਾਬਾ ਸੁਖਜਿੰਦਰ ਸਿੰਘ ਭੁਰੀ ਵਾਲੇ , ਬਾਬਾ ਰਮਨ ਸਿੰਘ ਚੱਬਾ ਠਾਠ , ਸ਼ਹੀਦਾਂ ਸਾਹਿਬ ਤੋਂ ਚੌਪਹਿਰੇ ਵਾਲੇ ਸਵਾਮੀ ਜੀ, ਸ਼ਬਦ ਚੌਕੀ ਜਥਾ ਦੇ ਸਮੂਹ ਮੈਂਬਰ , ਸੇਵਕ ਜਥਾ ਕੜਾ ਪ੍ਰਸਾਦਿ ਸ਼ਹੀਦਾਂ ਸਾਹਿਬ ਤੋਂ ਸਮੂਹ ਮੈਂਬਰ , ਬੀਬਾ ਗੁਰਪ੍ਰੀਤ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਹਾਜਰੀਆ ਭਰੀਆਂ ਇਸ ਮੌਕੇ ਵਿਸ਼ੇਸ਼ ਤੌਰ ਤੇ ਬਾਬਾ ਸਾਧ ਜੀ ਸੂਰ ਸਿੰਘ , ਉਸਤਾਦ ਜਸਪਾਲ ਸਿੰਘ ਜਵਧੀ ਟਕਸਾਲ , ਬਲਦੇਵ ਸਿੰਘ ਸਰਸਾ , ਕਥਾ ਵਾਚਕ ਭਾਈ ਇਕਬਾਲ ਸਿੰਘ ਲੁਧਿਆਣਾ , ਭਾਈ ਸੁਰਿੰਦਰ ਸਿੰਘ ਤਿਨ ਪਹਿਰਾ ਸੇਵਾਦਾਰ ਦਰਬਾਰ ਸਾਹਿਬ , ਤਲਬੀਰ ਸਿੰਘ ਗਿੱਲ , ਉਮ ਪ੍ਰਕਾਸ਼ ਸੋਨੀ , ਅਮਰਬੀਰ ਸਿੰਘ ਢੋਟ , ਰਜਿੰਦਰ ਸਿੰਘ ਮਹਿਤਾ , ਗੁਰਪ੍ਰਤਾਪ ਸਿੰਘ ਟਿੱਕਾ , ਅਰਵਿੰਦਰ ਸਿੰਘ ਭੱਟੀ , ਬਾਵਾ ਸਿੰਘ ਗੁਮਾਨਪੁਰਾ ,ਰਜਿੰਦਰ ਸਿੰਘ ਸਾਂਘਾ ਹਰਪ੍ਰੀਤ ਸਿੰਘ ਮੈਨੇਜਰ , ਐਮ ਪੀ ਗੁਰਜੀਤ ਸਿੰਘ ਔਜਲਾ , ਅਮਰੀਕਾ ਤੋਂ ਜੋਤੀ ਦਾਰਾ , ਪ੍ਰਧਾਨ ਗੁਰਦੀਪ ਸਿੰਘ ਸਲੂਜਾ , ਲੁਧਿਆਣੇ ਤੋਂ ਮਾਤਾ ਵਿਪਨਪ੍ਰੀਤ ਕੌਰ , ਮਨਿੰਦਰ ਸਿੰਘ ਅਹੂਜਾ , ਬੀਬੀ ਭਾਨੀ ਜੀ ਭਲਾਈ ਕੇਂਦਰ ਤੋਂ ਭਾਈ ਹਰਭਜਨ ਸਿੰਘ ਬੀਬੀ ਦਲਜੀਤ ਕੌਰ , ਬੀਬੀ ਜਸਬੀਰ ਕੌਰ , ਭਾਈ ਸਾਹਿਬ ਜੀ ਦੇ ਕੁੜਮ ਸ੍ਰ ਸਤਨਾਮ ਸਿੰਘ , ਪੁਨੀਤ ਸਿੰਘ , ਦਿੱਲੀ ਤੋਂ ਦਲਜੀਤ ਸਿੰਘ ਲਾਡੀ, ਭਾਈ ਮਤੀ ਦਾਸ ਭਲਾਈ ਕੇਂਦਰ ਦੇ ਸਮੂਹ ਮੈਂਬਰ , ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਭਾਈ ਅਮਨਦੀਪ ਸਿੰਘ , ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਭਾਈ , ਬਾਬਾ ਹਰਮਿੰਦਰ ਸਿੰਘ , ਸ੍ਰ ਟਹਿਲ ਇੰਦਰ ਸਿੰਘ , ਕੈਪਸਨ ਬਲਵੰਤ ਸਿੰਘ , ਭਾਈ ਜਸਬੀਰ ਸਿੰਘ ਬੈਂਕ ਵਾਲੇ ਹਰਜਿੰਦਰ ਸਿੰਘ ਬੈਂਕ ਵਾਲੇ , ਦਵਿੰਦਰ ਸਿੰਘ , ਹਰਪ੍ਰੀਤ ਸਿੰਘ ਡੈਂਟਲ ਆਫਿਸਰ , ਅੰਤਰਪ੍ਰੀਤ ਸਿੰਘ , ਮਨਿੰਦਰ ਸਿੰਘ ਖਾਪੜ ਖੇੜੀ , ਅਤੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਪਿਆਰ ਭਰੀ ਸ਼ਰਧਾਂਜਲੀ ਅਰਪਣ ਕਰਦੇ ਹੋਏ ਹਾਜਰੀਆ ਭਰੀਆਂ ਇਸ ਮੌਕੇ ਭਾਈ ਸਾਹਿਬ ਜੀ ਨੇ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਜੀ ਆਇਆਂ ਆਖਿਆ ਇਸ ਮੌਕੇ ਅੰਤਿਮ ਅਰਦਾਸ ਸ੍ਰੀ ਦਰਬਾਰ ਸਾਹਿਬ ਦੇ ਅਰਦਾਸੀਏ ਭਾਈ ਪ੍ਰੇਮ ਸਿੰਘ ਵੱਲੋਂ ਕੀਤੀ ਗਈ,ਉਪਰੰਤ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।ਮੰਚ ਸੰਚਾਲਨ ਭਾਈ ਹਰਵਿੰਦਰਪਾਲ ਸਿੰਘ ਲਿਟਲ ਅਤੇ ਸ੍ਰ ਭਗਵਾਨ ਸਿੰਘ ਜੌਹਲ ਨੇ ਬੜੇ ਸੋਹਣੇ ਢੰਗ ਨਾਲ ਨਿਭਾਇਆ।

**ਸਮੂਹ ਸਿੰਘ ਸਾਹਿਬਾਨ, ਸੰਤ ਮਹਾਂਪੁਰਸ਼ ,ਧਾਰਮਿਕ ਸਭਾ ਸੁਸਾਇਟੀਆ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਜਿਨ੍ਹਾਂ ਨੇ ਬੀਬਾ ਗੁਰਪ੍ਰੀਤ ਕੌਰ ਨੂੰ ਪਿਆਰ ਭਰੀ ਸ਼ਰਧਾਂਜਲੀ ਅਰਪਣ ਕੀਤੀ : ਪੰਥ ਪ੍ਰਸਿੱਧ ਨਿਸ਼ਕਾਮ ਕੀਰਤਨੀਏ ਭਾਈ ਗੁਰਇਕਬਾਲ ਸਿੰਘ**

ਅਕਾਲ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ

# ਕਵਿਤਾ ਉਚਾਰਣ ਮੁਕਾਬਲੇ ਦਾ ਆਯੋਜਨ



ਤਲਵੰਡੀ ਸਾਬੋ, 07 ਮਾਰਚ (ਗੁਰਜੰਟ ਸਿੰਘ ਨਥੇਹਾ)– ਅਕਾਲ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵੱਲੋਂ ਭਾਈ ਭਗਤ ਸਿੰਘ ਮਤਵਾਲਾ ਸੰਸਥਾ ਦੇ ਸਹਿਯੋਗ ਨਾਲ ਕਵਿਤਾ ਉਚਾਰਣ ਮੁਕਾਬਲਾ ਕਰਵਾਏ ਗਏ।ਮੁਕਾਬਲੇ ਵਿਚ ਵਿਦਿਆਰਥੀਆਂ ਦੁਆਰਾਂ ਭਗਤ ਸਿੰਘ ਮਤਵਾਲਾ ਦੀ ਕਾਵਿ ਪੁਸਤਕ ਮੇਰਾ ਸਿੱਖੀ ਸਿਦਕ ਵਿਚਲੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਇਸ ਮੁਕਾਬਲੇ ਨੂੰ ਦੋ ਭਾਗਾਂ ਵਿੱਚ ਵੰਡ ਕੇ ਕਰਵਾਇਆ ਗਿਆ। ਪਹਿਲੇ ਭਾਗ ਵਿਚ ਅਕਾਲ ਅਕੈਡਮੀਆਂ ਵਿੱਚੋਂ ਚੁਣੇ ਹੋਏ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਦੂਜਾ ਭਾਗ ਵਿਚ ਅਕਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ। ਇਸ ਤੋਂ ਇਲਾਵਾ ਇਕ ਸਾਖੀ ਪ੍ਰਤੀਯੋਗਤਾ ਵੀ ਕਰਵਾਈ ਗਈ। ਪਹਿਲਾ ਅਤੇ ਦੂਜਾ ਦਰਜਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 5000 ਅਤੇ 3000 ਰੁਪਏ ਦੀ ਰਾਸ਼ੀ ਦਿੱਤੀ ਗਈ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ 400 ਰੁਪਏ ਦੀ ਇਨਾਮ ਰਾਸ਼ੀ ਦਿੱਤੀ ਗਈ। ਇਸ ਮੌਕੇ ਭਾਈ ਭਗਤ ਸਿੰਘ ਮਤਵਾਲਾ ਸੰਸਥਾ ਦੇ ਮੁਖੀ ਕਰਨਲ ਡਾ. ਰਜਿੰਦਰ ਸਿੰਘ, ਰਜਿਸਟਰਾਰ ਅਕਾਲ ਯੂਨੀਵਰਿਸਿਟੀ ਡਾ. ਸੁਖਜੀਤ ਸਿੰਘ ਹਾਜਰ ਸਨ। ਜੱਜ ਸਾਹਿਬਾਨ ਦੀ ਭੂਮਿਕਾ ਡਾ. ਨਵਸੰਗੀਤ ਸਿੰਘ, ਡਾ. ਪਰਮਿੰਦਰ ਸਿੰਘ ਅਤੇ ਡਾ. ਜਸਵਿੰਦਰ ਕੌਰ ਨੇ ਨਿਭਾਈ। ਸਟੇਜ ਸਕੱਤਰ ਦਾ ਕਾਰਜ ਸ. ਸੁਖਦੀਪ ਸਿੰਘ ਵੱਲੋ ਸੰਭਾਲਿਆ ਗਿਆ। ਇਸ ਮੌਕੇ ਡਾ. ਕਰਨਲ ਰਜਿੰਦਰ ਸਿੰਘ ਜੀ ਨੇ "ਮੇਰਾ ਸਿੱਖੀ ਸਿਦਕ" ਪੁਸਤਕ ਬਾਰੇ ਚਰਚਾ ਕਰਦਿਆਂ ਵਿਦਿਆਰਥੀਆਂ ਵਿੱਚ ਸਿੱਖੀ ਦੀ ਭਾਵਨਾ ਪ੍ਰਤੀ ਉਤਸ਼ਾਹ ਭਰਿਆ। ਅੰਤ ਵਿਚ ਵਿਭਾਗ ਵੱਲੋਂ ਜੇਤੂ ਨੂੰ ਸਨਮਾਨਿਤ ਕਰਨ ਉਪਰੰਤ ਧੰਨਵਾਦ ਦੀ ਰਸਮ ਅਦਾ ਕੀਤੀ ਗਈ।

# ਦੇਸ਼ ਚ ਜਗ੍ਹਾ ਜਗ੍ਹਾ ਫੈਲਿਆ ਹੋਇਆ ਫਰਜ਼ੀ ਡਾਕਟਰਾਂ ਦਾ ਨੈੱਟਵਰਕ: ਡਾ.ਦਲੇਰ ਸਿੰਘ ਮੁਲਤਾਨੀ



**ਚੌਕ ਮਹਿਤਾ6 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ)**-ਜਿਸ ਦੇਸ਼ ਵਿੱਚ ਫਰਜੀ ਡਾਕਟਰ ਹੋਣ ਅਤੇ ਫਰਜੀ ਦਵਾਈਆਂ ਵਿਕਦੀਆਂ ਹੋਣ , ਉਸ ਦੇਸ਼ ਦੀ ਸਿਹਤ ਦਾ ਕੌਣ ਰਾਖਾ, ਸਾਰੇ ਭਾਰਤ ਵਿੱਚ ਕੀ ਕੀ ਚਲਦਾ ਉਸ ਬਾਰੇ ਅਸੀਂ ਮੀਡੀਆ ਵਿੱਚ ਪੜ੍ਹਦੇ/ ਸੁਣਦੇ ਰਹਿੰਦੇ ਪਰ ਜੋ ਮੈਂ ਆਪ ਹੰਢਾਇਆ ਉਹ ਤੁਹਾਡੇ ਨਾਲ ਸਾਂਝਾ ਕਰਨਾ ਬਣਦਾ ਇਹਨਾਂ ਸ਼ਬਦਾ ਦਾ ਪ੍ਰਗਟਾਵਾ ਡਾ. ਦਲੇਰ ਸਿੰਘ ਮੁਲਤਾਨੀ ਰਿਟਾ ਸਿਵਲ ਸਰਜਨ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕਰਦਿਆਂ ਦੱਸਿਆ ਕਿ ਫਰਜੀ ਡਾਕਟਰ ਦਾ ਮਤਲਬ ਜੋ ਸਿਹਤ ਸੰਸਥਾਵਾਂ ਵਿੱਚ ਨਹੀਂ ਪੜ੍ਹੇ ਅਤੇ ਫਰਜੀ ਦਵਾਈ ਦਾ ਮਤਲਬ ਜੋ ਕਿਸੇ ਹੋਰ ਕੰਪਨੀ ਦੀ ਦਵਾਈ ਤੇ ਅਪਣਾ ਨਾਮ ਲਿਖ ਕੇ ਵੇਚਦੇ ਪੰਜਾਬ ਵਿੱਚ ਤਕਰੀਬਨ ਪੰਜਾਹ ਹਜ਼ਾਰ ਫਰਜੀ ਡਾਕਟਰ ਮੰਨੇ ਜਾਂਦੇ ਅਤੇ ਉਹਨਾਂ ਦੇ ਨਾਲ ਹੋਰ ਸਹਾਇਕ ਕਿੰਨੇ ਹਨ ਉਹਨਾਂ ਦਾ ਕੋਈ ਹਿਸਾਬ ਨਹੀਂ ਹਰ ਪਿੰਡ ਸ਼ਹਿਰ ਦੇ ਹਰ ਗਲੀ ਵਿੱਚ ਮਿਲ ਜਾਂਦੇ ਫਰਜੀ ਡਾਕਟਰ / ਤਾਕਤ ਦੇ ਬਾਦਸ਼ਾਹ / ਧੁੰਨੀ ਵਿੱਚ ਤੇਲ ਲਾਉਣ ਵਾਲੇ / ਬਿਨਾਂ ਦਵਾਈ ਬੱਚੇ ਜਮਾਉਣ ਵਾਲੇ / ਮਿੱਟੀ ਪਾਣੀ ਰਾਂਹੀ ਕੈਂਸਰ ਦਾ ਇਲਾਜ ਕਰਨ ਵਾਲੇ / ਗੰਦੇ ਟੀਕੇ ਲਾ ਹੈਪਾਟਾਈਟਸ ਸੀ ,ਐਚ ਆਈ ਵੀ ਫੈਲਾਉਣ ਵਾਲੇ ਪਰ ਸਰਕਾਰ ਚੁੱਪ ਕਿਉਂ ਹੈ ਪਿਛਲੇ ਪੰਜੀ ਤੀਹ ਸਾਲਾਂ ਤੋਂ ਮੇਰੇ ਵੱਲੋਂ ਇਹਨਾਂ ਵਿੱਚੋਂ ਕਈਆਂ ਨੂੰ ਫੜ ਕੇ ਪੁਲਿਸ/ ਕਨੂੰਨ ਹਵਾਲੇ ਕੀਤਾ ਗਿਆ ਪਰ ਸਰਕਾਰ ਚੁੱਪ ਰਹੀ ਸਗੋਂ ਮੇਰੀਆਂ ਬਦਲੀਆਂ ਕਰਦੀ ਰਹੀ । ਬੇਈਮਾਨ ਸਰਕਾਰਾਂ ਦੇ ਸਾਹਮਣੇ ਸਭ ਕੁਝ ਚੱਲ ਰਿਹਾ ਪਰ ਅੱਖਾਂ ਕੰਨ ਜ਼ੁਬਾਨ ਬੰਦ ਕਰ ਲੈਂਦੀਆਂ । ਕਈ ਵਾਰ ਸਰਕਾਰ ਦੀਆਂ ਆਪਣੀਆਂ ਖਰੀਦੀਆਂ ਦਵਾਈਆਂ ਦੇ ਸੈਂਪਲ ਫੇਲ ਹੋਏ ਪਰ ਸਰਕਾਰ ਦਾ ਪ੍ਰਚੇਜ ਡਾਇਰੈਕਟਰ ਅਤੇ ਉਸ ਦਾ ਬੌਸ ਐਮ ਡੀ ਸਿਹਤ ਕਾਰਪੋਰੇਸ਼ਨ ਬਦਲੀ ਨਹੀ ਹੋਇਆ ਤੇ ਨਾ ਹੀ ਕੋਈ ਐਕਸ਼ਨ ਹੋਇਆ ਪਰ ਕਿਉਂ ? ਕਿਉਂਕਿ ਸਭ ਰਲੇ ਹੋਏ ਨੇ ਪ੍ਰਾਈਵੇਟ ਦਵਾਈਆਂ ਵਾਲੀਆਂ ਕਈ ਕੰਪਨੀਆਂ ਫੜੀਆਂ ਜਾਂਦੀਆਂ ਜੋ ਫਰਜੀ ਦਵਾਈਆਂ ਜਾਂ ਸਬ ਸਟੈਂਡਰਡ ਦਵਾਈਆਂ ਬਣਾਉਂਦੀਆਂ ਤੇ ਸੈਂਪਲ ਫੇਲ ਹੋ ਜਾਂਦੇ ਪਰ ਕੋਈ ਕਾਰਵਾਈ ਨਹੀਂ ਹੁੰਦੀ ਸੰਨ 2016 ਵਿੱਚ ਮੇਰੇ ਵੱਲੋਂ ਸਾਰਿਆਂ ਦੇ ਸਾਹਮਣੇ ਸਰਕਾਰ ਨੇ ਨਸ਼ੇ ਵਾਲੀ ਦਵਾਈ ਖਰੀਦੀ ਬਾਰੇ ਜੱਗ ਜ਼ਾਹਰ ਕੀਤਾ ਪਰ ਸਰਕਾਰ ਨੇ ਕੋਈ ਕਾਰਵਾਈ ਨਹੀ ਕੀਤੀ ਸਗੋਂ ਮੈਨੂੰ ਦੋ ਸੌ ਕਿਲੋਮੀਟਰ ਦੂਰ ਬਦਲੀ ਕਰਕੇ ਮੇਰੀ ਜ਼ੁਬਾਨ ਬੰਦ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ 2007 ਵਿੱਚ ਸ਼ਰੇਆਮ ਵਿਕ ਰਹੀ ਟੌਰੈਕਸ ਖਾਂਸੀ ਵਾਲੀ ਦਵਾਈ ਦੀ ਐਡ ਆਉਂਦੀ ਰਹੀ ਜਿਸ ਵਿੱਚ ਨਸ਼ੇ ਵਾਲੀ ਦਵਾਈ ਸੀ ਮੇਰੇ ਕਈ ਸਾਲ ਜਦੋ ਜਹਿਦ ਕਰਨ ਤੇ ਕੁਝ ਅਸਰ ਹੋਇਆ ਪਰ ਸਰਕਾਰ ਚੁੱਪ , ਸ਼ਾਇਦ ਅੱਜ ਵੀ ਟੌਰੈਕਸ ( ਮੌਡੀਫਾਇਡ ) ਦੀ ਐਡ ਆ ਰਹੀ ਤੇ ਉੱਪਰ ਲਿਖਿਆ ਅਲਵਿਦਾ ਖਾਂਸੀ ਸਭ ਤੋਂ ਨਿਕੰਮੀ ਗੱਲ ਕਿ ਪ੍ਰਮੁੱਖ ਸਿਹਤ ਸਕੱਤਰ, ਡਾਇਰੈਕਟਰ ਐਨ ਐਚ ਐਮ , ਐਮ ਡੀ ਕਾਰਪੋਰੇਸ਼ਨ, ਪ੍ਰਚੇਜ ਡਾਇਰੈਕਟਰ ਸਭ ਅੱਖਾਂ ਕੰਨ ਜ਼ੁਬਾਨ ਬੰਦ ਕਰੀ ਬੈਠੇ ਪਰ ਕਿਉਂ ? ਇੱਥੋਂ ਤੱਕ ਕਿ ਜੇਕਰ ਫੀਲਡ ਵਿੱਚ ਕੋਈ ਚੰਗਾ ਅਫਸਰ ਇਸ ਬਾਰੇ ਗੱਲ ਕਰਦਾ ਜਾਂ ਕੋਈ ਕਾਰਵਾਈ ਕਰਦਾ ਤਾਂ ਉਸ ਦਾ ਗਲਾ ਘੁੱਟਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਬਹੁਤ ਲੰਬੀ ਕਹਾਣੀ ਪੰਜਾਬ / ਭਾਰਤ ਵਿੱਚ ਫਰਜੀ ਡਾਕਟਰਾਂ ਅਤੇ ਫਰਜੀ ਦਵਾਈਆਂ ਬਾਰੇ ਜਿਸ ਨਾਲ ਲੋਕਾਂ ਦੀ ਸਿਹਤ ਨਾਲ ਹੀ ਖਿਲਵਾੜ ਨਹੀਂ ਸਗੋਂ ਲੋਕਾਂ ਦੀ ਸਭ ਤੋਂ ਵੱਡੀ ਪੈਸੇ ਦੀ ਲੁੱਟ ਹੋ ਰਹੀ ਪਰ ਸਰਕਾਰਾਂ ਇਮਾਨਦਾਰੀ ਦੇ ਗੀਤ ਗਾਂਦੀਆਂ ਰਹਿੰਦੀਆਂ ਇਕ ਹੋਰ ਬੜੀ ਰੋਚਕ ਗੱਲ ਹੈ ਕਿ ਜਿੱਥੇ ਸਿਹਤ ਮਹਿਕਮਾ ਬਹੁਤ ਹਲੀਮੀ ਵਾਲਾ ਤੇ ਗੁੰਝਲਦਾਰ ਹੈ ਉੱਥੇ ਬਹੁਤੀ ਵਾਰ ਨਿਕੰਮਾ , ਬਹਤ ਘੱਟ ਪੜ੍ਹਿਆ ਅਤੇ ਰਿਸ਼ਵਤਖੋਰ ਸਿਹਤ ਮੰਤਰੀ ਲਾ ਦਿੰਦੇ ਜੋ ਅਸਲੀ ਡਾਕਟਰ ਅਤੇ ਅਸਲੀ ਦਵਾਈਆਂ ਰਾਂਹੀ ਧੰਦਾ ਚੱਲ ਰਿਹਾ ਉਹ ਵੀ ਅਪਣੇ ਆਪ ਵਿਚ ਆਮ ਆਦਮੀ ਦੀ ਸਮਝ ਤੋਂ ਬਾਹਰ ਹੈ ।

# ਸ਼ਹਿਰ ਦੀ ਟ੍ਰੈਫਿਕ ਸਮੱਸਿਆ ਦੇ ਹੱਲ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ -ਡੀ.ਸੀ.ਪੀ ਆਲਮ ਵਿਜੇ ਸਿੰਘ



ਚੌਕ ਮਹਿਤਾ7 ਮਾਰਚ ( ਬਾਬਾ ਸੁਖਵੰਤ ਸਿੰਘ ਚੰਨਣਕੇ ) – ਭਾਰਤੀ ਵਾਲਮੀਕਿ ਆਦਿ ਧਰਮ ਸਮਾਜ (ਭਾਵਾਆਧਸ) ਰਜਿ ਭਾਰਤ ਦਾ ਇਕ ਵਿਸ਼ੇਸ਼ ਪ੍ਰਤੀਨਿਧੀਮੰਡਲ ਮੁੱਖ ਸੰਚਾਲਕ ਸ਼੍ਰੀ ਵਿਰੋਤਮ ਰਤਨ ਹੰਸ ਅਤੇ ਕੇਂਦਰੀ ਸਮਿਤੀ ਦੇ ਸੀਨੀਅਰ ਮੈਂਬਰ ਨਰਿੰਦਰ ਕੁਮਾਰ ਟੀਨੂੰ ਦੀ ਅਗਵਾਈ ਵਿੱਚ ਅਪਣੇ ਮੈਬਰਾਂ ਦੇ ਨਾਲ ਜਿਸ ਵਿੱਚ ਪੰਜਾਬ ਪ੍ਰਭਾਰੀ ਵਰਿਆਮ ਸਿੰਘ, ਪੰਜਾਬ ਦੇ ਮੈਂਬਰ ਡਾ.ਹਰੀਸ਼ ਹੀਰਾ,ਮੈਂਬਰ ਕਰਨ ਥਾਪਰ,ਜ਼ਿਲ੍ਹਾਂ ਪ੍ਰਧਾਨ ਸੁਨੀਲ ਮੱਟੂ ਸਨ ਅੰਮ੍ਰਿਤਸਰ ਦੇ ਡੀ.ਸੀ.ਪੀ (ਲਾਅ ਐਂਡ ਆਡਰ) ਆਲਮ ਵਿਜੇ ਸਿੰਘ ਨੂੰ ਉਨ੍ਹਾਂ ਦੇ ਦਫਤਰ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਮਿਲਿਆ।ਇਸ ਮੌਕੇ ਸੰਸਥਾ ਵੱਲੋਂ ਆਲਮ ਵਿਜੇ ਸਿੰਘ ਨੂੰ ਭਗਵਾਨ ਵਾਲਮੀਕਿ ਜੀ ਦੀ ਫੋਟੋ ਅਤੇ ਸਿਰੋਪਾਉ ਦੇ ਕੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।ਇਸ ਮੌਕੇ ਡੀ.ਸੀ.ਪੀ ਆਲਮ ਨੇ ਪ੍ਰਤੀਨਿਧੀਮੰਡਲ ਨੂੰ ਭਰੋਸਾ ਦਿਵਾਇਆ ਕਿ ਪੁਲਿਸ ਵਿਭਾਗ ਨਾਲ ਸੰਬੰਧਤ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸਮਾਜ ਵਿਚੋਂ ਨਸ਼ਿਆਂ,ਜ਼ੁਰਮ ਅਤੇ ਟ੍ਰੈਫਿਕ ਸਮੱਸਿਆਵਾਂ ਦੇ ਖਾਤਮੇ ਲਈ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਉਨ੍ਹਾਂ ਕਿਹਾ ਕਿ ਸ਼ਹਿਰ ਦੀ ਟ੍ਰੈਫਿਕ ਸਮੱਸਿਆ ਲੋਕਾਂ ਦੇ ਸਹਿਯੋਗ ਤੋਂ ਬਿਨ੍ਹਾਂ ਹੱਲ ਨਹੀਂ ਹੋ ਸਕਦੀ,ਇਸ ਲਈ ਲੋਕ ਅਪਣੀ ਵੀ ਜ਼ਿੰਮੇਵਾਰੀ ਸਮਝਣ।

# ਟੀ.ਬੀ ਦੇ ਮਰੀਜਾਂ ਨੂੰ ਵੰਡੀਆਂ ਕਿੱਟਾਂ



ਫ਼ਿਰੋਜ਼ਪੁਰ, 7 ਮਾਰਚ (ਮਨੋਹਰ ਲਾਲ) :— ਸਿਵਲ ਸਰਜਨ ਡਾ: ਮਿਨਾਕਸ਼ੀ ਢੀਂਡਰਾ ਦੀ ਅਗਵਾਈ ਹੇਠ ਮਿਸ਼ਨ ਨਕਸ਼ੇ ਮਿੱਤਰਾ ਅਧੀਨ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਟੀ.ਬੀ ਦੇ ਲੋੜਵੰਦ 10 ਮਰੀਜਾਂ ਨੂੰ ਭਾਰਤ ਵਿਕਾਸ ਪ੍ਰੀਸ਼ਦ ਫ਼ਿਰੋਜ਼ਪੁਰ ਸ਼ਹਿਰ ਵੱਲੋਂ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਅੱਜ ਛੇਵੀਂ ਵਾਰ ਪੌਸਟਿਕ ਸਮੱਗਰੀ ਦੀਆਂ ਕਿੱਟਾਂ ਸੰਸਥਾ ਦੇ ਪ੍ਰਧਾਨ ਸ੍ਰੀ ਸੁਭਾਸ਼ ਚੌਧਰੀ ਅਤੇ ਡਿਪਟੀ ਮੈਡੀਕਲ ਕਮਿਸ਼ਨਰ ਡਾ: ਗੁਰਮੇਜ਼ ਰਾਮ ਅਤੇ ਡਾ: ਨਵੀਨ ਸੇਠੀ ਦੀ ਨਿਗਰਾਨੀ ਹੇਠ ਵੰਡੀਆਂ ਗਈਆਂ। ਇਸ ਮੌਕੇ ਸੰਸਥਾ ਦੇ ਸਕੱਤਰ ਸ੍ਰੀ ਸ਼ਿਵੰਦਰ ਮਸ਼ਰਾਲ ਨੇ ਕਿਹਾ ਕਿ ਜਿਥੇ ਸਿਵਲ ਹਸਪਤਾਲ ਫ਼ਿਰੋਜ਼ਪੁਰ ਦੇ ਸਟਾਫ ਵੱਲੋਂ ਟੀ.ਬੀ ਦੇ ਮਰੀਜਾਂ ਨੂੰ ਵਧੀਆ ਸਿਹਤ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਸਮੇਂ—ਸਮੇਂ ਸਿਰ ਉਨ੍ਹਾਂ ਦਾ ਰੋਟੀਨ ਚੈਕਅਪ ਵੀ ਕੀਤਾ ਜਾਂਦਾ ਹੈ, ਇਸ ਬਿਮਾਰੀ ਤੋਂ ਬਚਣ ਲਈ ਜਿਥੇ ਜ਼ਰੂਰੀ ਦਵਾਈਆਂ ਦੀ ਲੋੜ ਹੁੰਦੀ ਹੈ, ਉਸ ਦੇ ਨਾਲ ਪੌਸ਼ਿਟਕ ਖੁਰਾਕ ਦੀ ਬਹੁਤ ਜ਼ਰੂਰਤ ਹੈ, ਜੋ ਕਿ ਹਰ ਮਹੀਨੇ ਭਾਰਤ ਵਿਕਾਸ ਪ੍ਰੀਸ਼ਦ, ਫ਼ਿਰੋਜ਼ਪੁਰ ਸ਼ਹਿਰ ਵੱਲੋਂ ਮੁਹਇਆ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ ਸੰਸਥਾ ਦੇ ਮੈਂਬਰ ਸ੍ਰੀ ਸੁਰੇਸ਼ ਸ਼ਰਮਾ, ਰਮਨ ਸ਼ਰਮਾ, ਜਨਕ ਚੌਧਰੀ, ਸ੍ਰੀਮਤੀ ਅਰੁਨ ਭੋਲਾ, ਸ੍ਰੀਮਤੀ ਉਰਮਿਲਾ ਚਾਵਲਾ, ਸ੍ਰੀਮਤੀ ਵੀਨਾ ਮੌਂਗਾ ਅਤੇ ਸ੍ਰੀਮਤੀ ਰੇਨੂੰ ਧਵਨ ਹਾਜ਼ਰ ਸਨ। ਇਸ ਮੌਕੇ ਟੀ.ਬੀ ਕਲੀਨਿਕ ਫ਼ਿਰੋਜ਼ਪੁਰ ਵੱਲੋਂ ਰਾਜ ਕੁਮਾਰ ਫਾਰਮੈਸੀ ਅਫਸਰ, ਰਾਜਦੀਪ ਸਿੰਘ ਟੀ.ਬੀ.ਐਚ.ਵੀ, ਕਮਲਜੀਤ ਸਿੰਘ ਐਸ.ਟੀ.ਐਸ, ਹਰਮਿੰਦਰ ਸਿੰਘ ਟੀ.ਬੀ.ਐਚ.ਵੀ, ਬੰਦਨਾ ਵੱਲੋਂ ਸਾਰੇ ਆਏ ਮੈਂਬਰਾਂ ਦਾ ਅਤੇ ਮਰੀਜਾਂ ਦਾ ਧੰਨਵਾਦ ਕੀਤਾ।

## ਇੰਟਰਨੈਸ਼ਨਲ ਪੰਥਕ ਦਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਿਸਾਨ ਬਚਾਉ ਮੋਰਚੇ ਦੇ ਪ੍ਰਧਾਨ ਭਾਈ ਸਤਨਾਮ ਸਿੰਘ ਜੀ ਸੈਦੋਲੇਹਲ ਦੇ ਸਤਿਕਾਰਯੋਗ ਮਾਤਾ ਜੀ

# ਮਾਤਾ ਜੋਗਿੰਦਰ ਕੌਰ ਜੀ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਹੋਇਆ


## ਇੰਟਰਨੈਸ਼ਨਲ ਪੰਥਕ ਦਲ ਸਮੂਹ ਜਥੇਬੰਦੀ ਵੱਲੋਂ ਹਾਜਰੀ ਭਰੀ ਗਈ









(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਇੰਟਰਨੈਸ਼ਨਲ ਪੰਥਕ ਦਲ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਕਿਸਾਨ ਬਚਾਓ ਮੋਰਚੇ ਦੇ ਪ੍ਰਧਾਨ ਭਾਈ ਸਤਨਾਮ ਸਿੰਘ ਜੀ ਸੈਦੋ ਲੇਹਲ ਜੀ ਦੇ ਸਤਿਕਾਰਯੋਗ ਮਾਤਾ ਜੀ ਮਾਤਾ ਜੋਗਿੰਦਰ ਕੌਰ ਜੀ ਦੇ ਨਮਿੱਤ ਸ਼ਰਧਾਂਜਲੀ ਸਮਾਗਮ ਹੋਇਆ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਇਸ ਤੋਂ ਉਪਰੰਤ ਗੁਰਦੁਆਰਾ ਬਾਬਾ ਡੇਰਾ ਵਿਖੇ ਦੀਵਾਨ ਸਜਾਏ ਗਏ। ਰਾਗੀ ਭਾਈ ਮਨਮੋਹਨ ਸਿੰਘ ਜੀ ਦੇ ਜਥੇ ਵੱਲੋਂ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸੇ ਤਰ੍ਹਾਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਤੋਂ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਅਤੀ ਸਤਿਕਾਰਯੋਗ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਸੰਤ ਬਾਬਾ ਚਰਨਜੀਤ ਸਿੰਘ ਜੀ ਜੱਸੋਵਾਲ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਮੁੱਖ ਬੁਲਾਰੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਭਾਈ ਸਤਨਾਮ ਸਿੰਘ ਜੀ ਸੈਦੋਲੇਹਲ ਨਾਲ ਫੋਨ ਰਾਹੀਂ ਦੁੱਖ ਜਾਹਿਰ ਕੀਤਾ ਅਤੇ ਸਮਾਗਮ ਵਿੱਚ ਹਾਜ਼ਰੀ ਲਵਾਈ। ਇੰਟਰਨੈਸ਼ਨਲ ਪੰਥਕ ਦਲ ਜਥੇਬੰਦੀ ਵੱਲੋਂ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲੇ ਜਨਰਲ ਸਕੱਤਰ ਪੰਜਾਬ ,ਭਾਈ ਦਲੀਪ ਸਿੰਘ ਜੀ ਚੱਕਰ ਆਲ ਇੰਡੀਆ ਕਨਵੀਨਰ,ਭਾਈ ਹਰਚੰਦ ਸਿੰਘ ਜੀ ਚੱਕਰ ਪੰਜਾਬ ਪ੍ਰਧਾਨ ,ਭਾਈ ਕਿਰਪਾ ਸਿੰਘ ਜੀ ਨੱਥੂਵਾਲਾ ਪੰਜਾਬ ਪ੍ਰਧਾਨ ਕਿਸਾਨ ਵਿੰਗ, ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਚੀਫ ਐਡਵਾਈਜ਼ਰ ਪੰਜਾਬ, ਜਥੇਦਾਰ ਵਜ਼ੀਰ ਸਿੰਘ ਜੀ ਵਾਂ ਸੀਨੀਅਰ ਮੀਤ ਪ੍ਰਧਾਨ ਤਰਨ ਤਾਰਨ, ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ,ਭਾਈ ਕੁਲਦੀਪ ਸਿੰਘ ਜੀ ਡੱਲਾ ਜਿਲਾ ਪ੍ਰਧਾਨ ਜਗਰਾਉਂ ਧਾਰਮਿਕ ਵਿੰਗ, ਭਾਈ ਈਸ਼ਰ ਸਿੰਘ ਜੀ ਮੀਤ ਪ੍ਰਧਾਨ ਅੰਮ੍ਰਿਤਸਰ ਧਾਰਮਿਕ ਵਿੰਗ, ਸ੍ਰ ਦਲਜੀਤ ਸਿੰਘ ਜੀ ਮੁੱਠਿਆਂਵਾਲਾ ਬਲਾਕ ਪ੍ਰਧਾਨ ਵਲਟੋਹਾ,ਸ੍ਰ ਕਸ਼ਮੀਰ ਸਿੰਘ ਜੀ ਵਾਂ ਸਾਬਕਾ ਸਰਪੰਚ ਬਲਾਕ ਪ੍ਰਧਾਨ ਅਤੇ ਸਮੂਹ ਵਰਕਰ ਸਾਹਿਬਾਨਾਂ ਵੱਲੋਂ ਹਾਜ਼ਰੀ ਭਰੀ ਗਈ। ਇਸ ਤੋਂ ਇਲਾਵਾ ਇਲਾਕੇ ਦੇ ਸਰਪੰਚ ਮੋਹਤਬਾਰ ਸਿੰਘ ਰਾਜਨੀਤਿਕ ਅਤੇ ਧਾਰਮਿਕ ਸ਼ਖ਼ਸੀਅਤਾਂ ,ਨੰਬਰਦਾਰ ਅਤੇ ਨਿਹੰਗ ਸਿੰਘ ਜਥੇਬੰਦੀਆਂ ਹਾਜ਼ਰ ਹੋਈਆਂ। ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਅੰਤਿਮ ਅਰਦਾਸ ਵਿੱਚ ਪਹੁੰਚੀਆਂ। ਸਮੂਹ ਬੁਲਾਰਿਆਂ ਨੇ ਬੋਲਦਿਆਂ ਦੱਸਿਆ ਕਿ ਜੋ ਭਾਈ ਸਤਨਾਮ ਸਿੰਘ ਜੀ ਜ਼ਿਲਾ ਪ੍ਰਧਾਨ ਅੰਮ੍ਰਿਤਸਰ ਕਿਸਾਨ ਵਿੰਗ ਧਾਰਮਿਕ ਸਿਰਕੱਢ ਆਗੂ ਹਨ ਜੋ ਸਮਾਜਿਕ ਤੌਰ ਤੇ ਹਰ ਵੇਲੇ ਲੋਕਾਂ ਦੀ ਮਦਦ ਕਰਦੇ ਹਨ ਜਥੇਬੰਦੀ ਵਿੱਚ ਇਹਨਾਂ ਦੀ ਬਹੁਤ ਵੱਡੀ ਦੇਣ ਹੈ ਪੂਰੀ ਤਨਦੇਹੀ ਨਾਲ ਸੇਵਾਵਾਂ ਨਿਭਾਉਂਦੇ ਹਨ ਅਤੇ ਸਾਰੀ ਜਥੇਬੰਦੀ ਨੂੰ ਮਾਤਾ ਜੋਗਿੰਦਰ ਕੌਰ ਜੀ ਤੇ ਮਾਣ ਸੀ ਜਿਨਾਂ ਨੇ ਬਹੁਤ ਹੀ ਸੂਝਵਾਨ ਪੁੱਤ ਨੂੰ ਜਨਮ ਦਿੱਤਾ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ ਹੁਰਾਂ ਵੱਲੋਂ ਭਾਈ ਸਤਨਾਮ ਸਿੰਘ ਜੀ ਵਾਸਤੇ ਲੋਈ ਅਤੇ ਸਿਰੋਪਾਉ ਭੇਜਿਆ ਗਿਆ। ਸਮੂਹ ਜਥੇਬੰਦੀ ਦੇ ਆਗੂਆਂ ਵੱਲੋਂ ਭਾਈ ਸਤਨਾਮ ਸਿੰਘ ਜੀ ਦਾ ਸਨਮਾਨ ਕੀਤਾ ਗਿਆ ।ਇਸ ਮੌਕੇ ਸੰਤ ਬਾਬਾ ਪ੍ਰੇਮ ਸਿੰਘ ਜੀ ,ਡਾਕਟਰ ਏ ਪੀ ਸਿੰਘ ਜੀ ਦੇ ਪੀਏ ਸ੍ਰ ਅਮਨਦੀਪ ਸਿੰਘ ਜੀ, ਭਾਈ ਗੁਰਦਿਆਲ ਸਿੰਘ ਜੀ ਇਕਾਈ ਪ੍ਰਧਾਨ ਸੈਦੋ ਲੇਹਲ, ਭਾਈ ਸੁਖਵਿੰਦਰ ਸਿੰਘ ਜੀ ਬਲਾਕ ਪ੍ਰਧਾਨ ਜੰਡਿਆਲਾ ਗੁਰੂ, ਭਾਈ ਰਤਨ ਸਿੰਘ ਜੀ ਸੋਹੀ ਬਲਾਕ ਪ੍ਰਧਾਨ ਮਜੀਠਾ, ਭਾਈ ਮਨਜੀਤ ਸਿੰਘ ਜੀ ਜੌੜਾ ਬਲਾਕ ਪ੍ਰਧਾਨ, ਡਾਕਟਰ ਏਪੀ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਅਜੀਤ ਕੌਰ ਜੀ, , ਗਿਆਨੀ ਧਰਮ ਸਿੰਘ ਜੀ ਮੱਖੀ, ਸ੍ਰ ਗੁਰਲਾਲ ਸਿੰਘ ਜੀ ਸਭਰਾ ਅਤੇ ਹੋਰ ਸਮੂਹ ਪਤਵੰਤੇ ਹਾਜ਼ਰ ਸਨ







ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਯਾਦਗਾਰੀ ਹੋ ਨਿਬੜਿਆ

# ਪਠਲਾਵਾ ਸੰਸਥਾ ਦਾ 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ





















ਬੰਗਾ, ਮਾਰਚ (ਹਰਪ੍ਰੀਤ ਸਿੰਘ ਪਠਲਾਵਾ) - ਸੰਜੋਗ ਕਮਿਊਨਿਟੀ ਪੈਲੇਸ ਲਧਾਣਾ ਉੱਚਾ ਦੇ ਹਾਲ ਵਿੱਚ ਏਕ ਨੂਰ ਸਵੈ ਸੇਵੀ ਸੰਸਥਾ ਪਠਲਾਵਾ ਵਲੋਂ ਕਰਾਇਆ ਆਪਣਾ 26ਵਾਂ ਸਲਾਨਾ ਸਹਾਇਤਾ ਵੰਡ ਸਮਾਗਮ ਨਿੱਘੀਆਂ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਇਹ ਸਮਾਗਮ ਸੰਸਥਾ ਦੇ ਉਪ ਪ੍ਰਧਾਨ ਸਵ: ਜੋਗਿੰਦਰ ਸਿੰਘ ਸੂਰਾਪੁਰੀ ਦੀ ਯਾਦ ਨੂੰ ਸਮਰਪਿਤ ਸੀ। ਜਿਸ ਦਾ ਉਦਘਾਟਨ ਸੰਤ ਬਾਬਾ ਗੁਰਬਚਨ ਸਿੰਘ ਪਠਲਾਵਾ ਵਾਲਿਆਂ ਅਰਦਾਸ ਕਰਕੇ ਕੀਤਾ।ਸਮਾਗਮ ਦੇ ਮੁੱਖ ਮਹਿਮਾਨ ਸ. ਇੰਦਰਬੀਰ ਸਿੰਘ ਆਈ. ਪੀ. ਐਸ ਅਤੇ ਡੀ. ਆਈ. ਜੀ ਐਡਮਿਨਟ੍ਰੇਸ਼ਨ ਪੀ. ਏ. ਪੀ ਜਲੰਧਰ ਅਤੇ ਉਨ੍ਹਾਂ ਦੇ ਮਾਤਾ ਜੀ ਮੈਡਮ ਅਵਿਨਾਸ਼ ਕੌਰ ਪ੍ਰਿੰਸੀਪਲ ਸਨ। ਵਿਸ਼ੇਸ਼ ਮਹਿਮਾਨਾਂ ਵਿੱਚ ਪਦਮ ਸ੍ਰੀ ਮਾਤਾ ਪ੍ਰਕਾਸ਼ ਕੌਰ ਮੁੱਖ ਸੇਵਾਦਾਰ ਯੂਨੀਕ ਹੋਮ ਜਲੰਧਰ, ਸਰਦਾਰ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਟਰੱਸਟ ਢਾਹਾਂ ਕਲੇਰਾਂ, ਅਮਰਜੀਤ ਸਿੰਘ ਕਲੇਰਾਂ, ਜਥੇਦਾਰ ਸਵਰਨਜੀਤ ਸਿੰਘ ਮੁੱਖੀ ਮਿਸਲ ਸ਼ਹੀਦਾਂ ਤਰਨਾ ਦਲ,ਪੱਤਰਕਾਰ ਐਸ. ਅਸ਼ੋਕ ਭੌਰਾ, ਪ੍ਰਿੰ. ਜਸਪਾਲ ਸਿੰਘ ਗਿੱਦਾ, ਸੁਰਜੀਤ ਸਿੰਘ ਐਸ ਡੀ. ਓ ਮੁੱਖ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਸੁਸਾਇਟੀ ਨਵਾਂਸ਼ਹਿਰ, ਡੀ. ਐਸ. ਪੀ ਬੰਗਾ ਦਲਜੀਤ ਸਿੰਘ ਖੱਖ, ਸਵਾਮੀ ਸ਼ੰਕਰਾਨੰਦ ਪਰਬਤ, ਜਰਨੈਲ ਸਿੰਘ ਪੱਲੀ ਝਿੱਕੀ, ਸਰਪੰਚ ਪਠਲਾਵਾ ਹਰਪਾਲ ਸਿੰਘ, ਡਾ. ਰਾਜਵਿੰਦਰ ਕੌਰ ਮੁਕੰਦਪੁਰ, ਜਥੇ. ਅਵਤਾਰ ਸਿੰਘ ਪਠਲਾਵਾ, ਬਲਬੀਰ ਸਿੰਘ ਝਿੱਕਾ, ਜਸਵਿੰਦਰ ਕੌਰ ਝਿੱਕਾ ਇੰਸ਼ੋਰੈਂਸ ਪੁਆਇੰਟ ਬੰਗਾ, ਡਾ. ਅਮਰੀਕ ਸਿੰਘ ਸੋਢੀ ਸਰਪੰਚ ਲਧਾਣਾ ਉੱਚਾ, ਡਾ. ਅਵਤਾਰ ਸਿੰਘ, ਮਾ. ਜਸਬੀਰ ਸਿੰਘ ਸੁੱਜੋਂ, ਕੇਵਲ ਸਿੰਘ ਚੌਹੜ, ਐਡਵੋਕੇਟ ਜਤਿੰਦਰ ਕੌਰ ਪਠਲਾਵਾ, ਪੰਜਾਬ-ਚੰਡੀਗੜ੍ਹ ਪੱਤਰਕਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਸਬੀਰ ਸਿੰਘ ਨੂਰਪੁਰ ਹਾਜ਼ਰ ਸਨ। ਇਨ੍ਹਾਂ ਸ਼ਖਸ਼ੀਅਤਾਂ ਨੇ ਜਿਥੇ ਵਿਚਾਰਾਂ ਦੁਆਰਾ ਸੰਸਥਾ ਦੇ ਅਨੇਕਾਂ ਕਾਰਜਾਂ ਦੀ ਸ਼ਲਾਘਾ ਕੀਤੀ ਉਥੇ ਲੋੜਵੰਦਾਂ ਨੂੰ ਸਹਾਇਤਾ ਤਕਸੀਮ ਕੀਤੀ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸੰਸਥਾ ਦੇ ਬਾਨੀ ਚੇਅਰਮੈਨ ਸ. ਇੰਦਰਜੀਤ ਸਿੰਘ ਵਾਰੀਆ, ਸਰਪ੍ਰਸਤ ਬਲਵੰਤ ਸਿੰਘ ਜਗੈਤ, ਸੀਨੀਅਰ ਉਪ ਚੇਅਰਮੈਨ ਸ. ਤਰਲੋਚਨ ਸਿੰਘ ਵਾਰੀਆ, ਪ੍ਰਧਾਨ ਪਰਮਿੰਦਰ ਸਿੰਘ ਰਾਣਾ, ਉਪ ਪ੍ਰਧਾਨ ਸੰਦੀਪ ਪੋਸੀ, ਮਾ. ਰਮੇਸ਼ ਪਠਲਾਵਾ, ਵਿੱਤ ਸਕੱਤਰ ਲੈਕ. ਤਰਸੇਮ ਪਠਲਾਵਾ, ਜਨਰਲ ਸਕੱਤਰ ਤਰਲੋਚਨ ਸਿੰਘ ਪਠਲਾਵਾ, ਸੁਰਿੰਦਰ ਸਿੰਘ ਕਰਮ,ਪ੍ਰੋ. ਚਰਨਜੀਤ ਸਿੰਘ ਪੋਸੀ, ਸੀਨੀਅਰ ਉਪ ਪ੍ਰਧਾਨ ਬਲਵੀਰ ਸਿੰਘ ਜਗੈਤ, ਡਾ. ਕੁਲਦੀਪ ਰਾਜ, ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਖਾਲਸਾ, ਹਰਜੀਤ ਸਿੰਘ ਜੀਤਾ, ਹਰਜਿੰਦਰ ਜਿੰਦਾ, ਬਲਵੀਰ ਸਿੰਘ ਯੂ. ਕੇ, ਡਾ. ਪਰਮਿੰਦਰ ਸਿੰਘ ਵਾਰੀਆ, ਅਮਰੀਕ ਸਿੰਘ ਜਗੈਤ, ਉਂਕਾਰ ਸਿੰਘ ਕਾਰੀ, ਇੰਦਰਪ੍ਰੀਤ ਸਿੰਘ ਝਿੱਕਾ, ਸਤੀਸ਼ ਐਮਾ ਜੱਟਾਂ, ਅਮਰਜੀਤ ਸਿੰਘ ਸੂਰਾਪੁਰੀ, ਪਰਮਜੀਤ ਸੂਰਾਪੁਰੀ, ਕੁਲਵਿੰਦਰ ਸਿੰਘ ਐਮ. ਡੀ ਸਕੌਲਰ ਸਕੂਲ ਲਧਾਣਾ ਉੱਚਾ ਆਦਿ ਸ਼ਖਸ਼ੀਅਤਾਂ ਦਾ ਸੰਸਥਾ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਉੱਥੇ ਇਨ੍ਹਾਂ ਸੱਜਣਾਂ ਨੇ ਲੋੜਵੰਦ ਲੜਕੀਆਂ, ਮਹਿਲਾਵਾਂ ਨੂੰ ਸਿਲਾਈ ਅਧੀਨ ਅਤੇ ਲੱਤਾਂ ਤੋਂ ਅਪਾਹਜ ਵਿਅਕਤੀਆਂ ਨੂੰ ਟ੍ਰਾਈ ਸਾਈਕਲ ਅਤੇ ਵਹੀਲ ਚੇਅਰਾਂ ਵੰਡੀਆਂ। ਸਮਾਗਮ ਦਾ ਵਿਸ਼ੇਸ਼ ਆਕਰਸ਼ਣ ਸੰਜੀਦਾ ਲੋਕ- ਗਾਇਕੀ ਅਤੇ ਸਮਾਜਿਕ ਮੁੱਦਿਆਂ ਨੂੰ ਗਾਉਣ ਵਜੋਂ ਪ੍ਰਸਿੱਧ ਗਾਇਕ ਪੰਮਾ ਡੂੰਮੇਵਾਲੀਆ ਨੇ ਆਪਣੇ ਸਮਾਜ ਦਾ ਸੱਚ ਪੇਸ਼ ਕਰਨ ਵਾਲੇ ਗੀਤਾਂ ਦੁਆਰਾ ਅਭੁੱਲ ਬਣਾ ਦਿੱਤਾ। ਸਮਾਗਮ ਨੂੰ ਆਪਣੇ ਬੇਹਤਰੀਨ ਸਟੇਜ ਸੰਚਾਲਨ ਦੁਆਰਾ ਨੇਪਰੇ ਚੜ੍ਹਾਉਣ ਵਿੱਚ ਵੱਡੀ ਭੂਮਿਕਾ ਨਿਭਾਉਣ ਵਾਲੇ ਲੈਕ. ਤਰਸੇਮ ਪਠਲਾਵਾ, ਮਾ. ਤਰਲੋਚਨ ਸਿੰਘ ਪਠਲਾਵਾ ਨੇ ਵਾ ਖੂਬੀ ਨਿਵਾਈ,ਅੰਤ ਵਿੱਚ ਚੇਅਰਮੈਨ ਇੰਦਰਜੀਤ ਸਿੰਘ ਵਾਰੀਆ ਨੇ ਸਭ ਦਾ ਧੰਨਵਾਦ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸਰੀਰ ਦੇ ਹੋਰਨਾਂ ਅੰਗਾਂ ਵਾਂਗ ਕੰਨਾਂ ਦੀ ਸੰਭਾਲ ਵੀ ਜ਼ਰੂਰੀ—ਨੇਹਾ ਭੰਡਾਰੀ

# ਘੱਟ ਸੁਨਣਾ ਵੀ ਬਿਮਾਰੀ, ਜਿਸ ਦਾ ਇਲਾਜ ਸੰਭਵ



ਫ਼ਿਰੋਜ਼ਪੁਰ, 7 ਮਾਰਚ (ਮਨੋਹਰ ਲਾਲ) :— ਤੰਦਰੁਸਤ ਸਰੀਰ ਦੀ ਪ੍ਰਾਪਤੀ ਲਈ ਸਾਨੂੰ ਸਰੀਰ ਦੇ ਹਰ ਅੰਗ ਦਾ ਪੂਰਨ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਰੀਰਕ ਪੱਖੋਂ ਕਮਜ਼ੋਰ ਵਿਅਕਤੀ ਨਾਲ ਕਦੇ ਵੀ ਘ੍ਰਿਣ ਨਾ ਕਰਦੇ ਹੋਏ ਪਿਆਰ ਵਾਲਾ ਵਤੀਰਾ ਅਪਣਾਉਣਾ ਚਾਹੀਦਾ ਹੈ ਤਾਂ ਜ਼ੋ ਹਰ ਵਿਅਕਤੀ ਨਿਰੋਗ ਜਿੰਦਗੀ ਬਤੀਤ ਕਰ ਸਕੇ। ਇਹ ਵਿਚਾਰ ਸੀਨੀਅਰ ਮੈਡੀਕਲ ਅਫਸਰ ਡਾ: ਜ਼ਸਲੀਨ ਗਿੱਲ ਨੇ ਸਰਕਾਰੀ ਸਕੂਲ ਢੀਂਡਸਾ ਵਿਖੇ ਲਗਾਏ ਵਿਸ਼ੇਸ਼ ਮੈਡੀਕਲ ਕੈਂਪ ਦੌਰਾਨ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਸਰੀਰ ਦੇ ਹੋਰ ਅੰਗਾਂ ਵਾਂਗ ਕੰਨ ਵੀ ਅਹਿਮ ਹਿੱਸਾ ਹਨ ਅਤੇ ਅਜੋਕੇ ਦੌਰ ਵਿਚ ਕੰਨਾਂ ਦੀਆਂ ਵੀ ਲੋਕਾਂ ਨੂੰ ਕਾਫੀ ਦਿੱਕਤਾਂ ਆ ਰਹੀਆਂ ਹਨ ਅਤੇ ਕੰਨਾਂ ਦੀ ਦੇਖ—ਭਾਲ ਪ੍ਰਤੀ ਸੁਹਿਰਤ ਕਰਨ ਲਈ ਸਿਵਲ ਸਰਜਨ ਫ਼ਿਰੋਜ਼ਪੁਰ ਡਾਕਟਰ ਮੀਨਾਕਸ਼ੀ ਦੇ ਦਿਸ਼ਾ—ਨਿਰਦੇਸ਼ਾਂ ਹੇਠ ਅਜਿਹੇ ਸੈਮੀਨਾਰ ਲਗਾਏ ਜਾ ਰਹੇ ਹਨ ਤਾਂ ਜ਼ੋ ਲੋਕਾਂ ਨੂੰ ਕੰਨਾਂ ਦੀਆਂ ਹੋਣ ਵਾਲੀਆਂ ਬਿਮਾਰੀਆਂ ਤੋਂ ਜਾਣੂ ਕਰਵਾ ਕੇ ਇਸ ਦੇ ਬਚਾਓ ਬਾਰੇ ਜਾਗਰੂਕ ਕੀਤਾ ਜਾ ਸਕੇ। ਸਰਕਾਰੀ ਸਕੂਲ ਢੀਂਡਸਾ ਵਿਖੇ ਵਿਸ਼ਵ ਸੁਣਨ ਸ਼ਕਤੀ ਦਿਵਸ ਵਜੋਂ ਲਗਾਏ ਸੈਮੀਨਾਰ ਵਿਚ ਹਾਜ਼ਰੀਨ ਨਾਲ ਵਿਚਾਰ ਸਾਂਝੇ ਕਰਦਿਆਂ ਸ੍ਰੀਮਤੀ ਨੇਹਾ ਭੰਡਾਰੀ ਬੀ.ਈ.ਈ ਨੇ ਸਪੱਸ਼ਟ ਕੀਤਾ ਕਿ ਸਾਨੂੰ ਕੰਨਾਂ ਦੀ ਦੇਖ—ਭਾਲ ਕਰਨਾ ਵੀ ਅਤਿ ਜ਼ਰੂਰੀ ਹੈ ਅਤੇ ਜੇਕਰ ਕੰਨਾਂ ਤੋਂ ਸੁਨਣ ਦੀ ਦਿੱਕਤ ਮਹਿਸੂਸ ਹੁੰਦੀ ਹੈ ਤਾਂ ਤੁਰੰਤ ਨੇੜਲੇ ਸਿਹਤ ਕੇਂਦਰ ਵਿਚ ਪਹੁੰਚ ਕੀਤੀ ਜਾਵੇ ਤਾਂ ਜ਼ੋ ਸਮਾਂ ਰਹਿੰਦਿਆਂ ਮਾਹਿਰ ਡਾਕਟਰਾਂ ਦੁਆਰਾ ਤੁਹਾਡਾ ਇਲਾਜ ਹੋ ਸਕੇ। ਸ੍ਰੀਮਤੀ ਭੰਡਾਰੀ ਨੇ ਸਪੱਸ਼ਟ ਕੀਤਾ ਕਿ ਸਮੂਹ ਸਰਕਾਰੀ ਸਿਹਤ ਕੇਂਦਰ ਵਿਚ ਆਉਂਦੇ ਮਰੀਜ਼ਾਂ ਦਾ ਮਾਹਿਰ ਡਾਕਟਰਾਂ ਵੱਲੋਂ ਆਧੁਨਿਕ ਮਸ਼ੀਨਾਂ ਨਾਲ ਮੁਫਤ ਇਲਾਜ ਕੀਤਾ ਜਾਂਦਾ ਹੈ ਅਤੇ ਹਰ ਵਿਅਕਤੀ ਨੂੰ ਚਾਹੀਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਬਿਮਾਰੀ ਮਹਿਸੂਸ ਹੋਣ ਤੇ ਤੁਰੰਤ ਇਲਾਜ ਕਰਵਾਏ। ਉਨ੍ਹਾਂ ਕਿਹਾ ਕਿ ਅਜੋਕੇ ਦੌਰ ਦੀ ਭਜਦੋੜ ਵਾਲੀ ਜਿੰਦਗੀ ਵਿਚ ਜਿਥੇ ਮਨੁੱਖ ਆਪਣੇ ਸਰੀਰ ਪਰ ਧਿਆਨ ਦੇਣ ਤੋਂ ਵਾਂਝਾ ਰਹਿ ਜਾਂਦਾ ਹੈ, ਉਥੇ ਸ਼ੋਰ—ਸ਼ਰਾਬਾ ਹੋਣ ਕਰਕੇ ਮਨੁੱਖ ਨੂੰ ਸੁਨਣ ਵਿਚ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਜੇਕਰ ਸੁਨਣ ਵਿਚ ਦਿੱਕਤ ਦਰਪੇਸ਼ ਆਉਂਦੀ ਹੈ ਤਾਂ ਇਸ ਦਾ ਸ਼ੁਰੂਆਤੀ ਦੌਰ ਵਿਚ ਹੀ ਇਲਾਜ ਕਰਵਾਇਆ ਜਾਵੇ ਤਾਂ ਇਸ ਬਿਮਾਰੀ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਘੱਟ ਸੁਨਣਾ ਵੀ ਇਕ ਬਿਮਾਰੀ ਹੈ, ਜਿਸ ਦਾ ਇਲਾਜ ਸੰਭਵ ਹੈ। ਸ੍ਰੀਮਤੀ ਨੇਹਾ ਭੰਡਾਰੀ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਮੇਂ—ਸਮੇਂ ਤੇ ਕੰਨ, ਨੱਕ, ਗਲੇ ਸਮੇਤ ਪੇਟ ਆਦਿ ਦੀਆਂ ਬਿਮਾਰੀਆਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੈਮੀਨਾਰ ਲਗਾਏ ਜਾਂਦੇ ਹਨ ਅਤੇ ਪਿੰਡਾਂ ਵਿਚ ਮੈਡੀਕਲ ਕੈਂਪ ਲਗਾ ਕੇ ਲੋਕਾਂ ਦਾ ਚੈਕਅਪ ਕਰਨ ਦੇ ਨਾਲ—ਨਾਲ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਕਰਵਾਇਆ ਜਾਂਦਾ ਹੈ ਤਾਂ ਜ਼ੋ ਲੋਕ ਬਿਮਾਰੀਆਂ ਦੇ ਲੱਛਣਾਂ ਤੋਂ ਜਾਣੂ ਹੋ ਕੇ ਆਪਣਾ ਇਲਾਜ ਕਰਵਾ ਸਕਣ। ਇਕ ਵਾਰ ਫਿਰ ਕੰਨਾਂ ਦੀ ਮਹੱਤਤਾ ਤੇ ਜ਼ੋਰ ਦਿੰਦਿਆਂ ਸ੍ਰੀਮਤੀ ਭੰਡਾਰੀ ਨੇ ਕਿਹਾ ਕਿ ਹਰ ਮਨੁੱਖ ਨੂੰ ਆਪਣੇ ਕੰਨਾਂ ਦੀ ਦੇਖਭਾਲ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤਾਂ ਜ਼ੋ ਵਧਦੀ ਉਮਰ ਵਿਚ ਤੁਹਾਡੇ ਕੰਨ ਸਹੀ ਸਲਾਮਤ ਰਹਿ ਸਕਣ। ਗੂੰਗੇ—ਬੋਲੇ ਵਿਅਕਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਕੁਦਰਤ ਦੇ ਸਤਾਏ ਅਜਿਹੇ ਲੋਕਾਂ ਨਾਲ ਸਾਨੂੰ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਜ਼ੋ ਅਜਿਹੇ ਲੋਕ ਪੱਖਪਾਤ ਦਾ ਸ਼ਿਕਾਰ ਹੋਣ ਤੋਂ ਬਚ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

### ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਦੇ

# ਸਾਹਿਤਕ ਮੇਲੇ ਦਾ ਦੂਸਰਾ ਦਿਨ ਸਫਲਤਾ ਪੂਰਵਕ ਨੇਪਰੇ ਚੜ੍ਹਿਆ





ਤਲਵੰਡੀ ਸਾਬੋ, 7 ਮਾਰਚ (ਗੁਰਜੰਟ ਸਿੰਘ ਨਥੇਹਾ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਤਲਵੰਡੀ ਸਾਬੋ ਵਿਖੇ ਦੂਜੇ ਸਹਿਤਕ ਮੇਲੇ ਦਾ ਦੂਜੇ ਦਿਨ ਦਾ ਆਰੰਭ ਕਵੀਸ਼ਰੀ ਗਾਇਨ ਤੋਂ ਹੋਇਆ। ਸੁਖਦਰਸ਼ਨ ਨੱਤ ਨੇ ਮੁੱਖ ਵਕਤਾ ਦੇ ਤੌਰ ’ਤੇ ਸ਼ਿਰਕਤ ਕੀਤੀ। ਉਹਨਾਂ ਨੇ ਆਪਣੇ ਵਿਚਾਰਾਂ ਵਿੱਚ ਪੰਜਾਬ ਦੇ ਅਜੋਕੇ ਹਾਲਾਤਾਂ ਨਸ਼ੇ ਦੀ ਸਮੱਸਿਆ, ਬੇਰੁਜ਼ਗਾਰੀ ਤੇ ਅਨਪੜਤਾ ਨੂੰ ਬਿਆਨ ਕੀਤਾ। ਇਸ ਤੋਂ ਬਾਅਦ ਪ੍ਰੋਫੈਸਰ ਨੀਤੂ ਅਰੋੜਾ ਨੇ ਵੀ ਵਰਤਮਾਨ ਪੰਜਾਬ ਦੇ ਹਾਲਾਤ ਅਤੇ ਮਲੀਨ ਹੋ ਰਹੇ ਵਾਤਾਵਰਨ ਦੇ ਸਬੰਧ ਵਿੱਚ ਆਪਣੇ ਵਿਚਾਰਾਂ ਦੀ ਸਾਂਝ ਪਾਈ। ਇਸ ਤੋਂ ਬਾਅਦ ਪ੍ਰਸਿੱਧ ਪੰਜਾਬੀ ਕਹਾਣੀਕਾਰ ਬਲਵਿੰਦਰ ਗਰੇਵਾਲ ਨੇ ਦਰਸ਼ਕਾਂ ਦੇ ਰੂਬਰੂ ਹੁੰਦੇ ਹੋਏ ਸਾਹਿਤ ਸਿਰਜਣਾ ਵਿੱਚ ਸਾਹਿਤਕ ਜੁਗਤਾਂ ਦੀ ਸ਼ਮੂਲੀਅਤ ਬਾਰੇ ਆਪਣੇ ਵਿਚਾਰ ਦੱਸੇ, ਇਸੇ ਸਮੇਂ ਪ੍ਰਸਿੱਧ ਇਤਿਹਾਸਕਾਰ ਸੁਮੇਲ ਸਿੱਧੂ ਨੇ ਵੀ ਸ਼ਮੂਲੀਅਤ ਕੀਤੀ ਅਤੇ ਉਨਾਂ ਨੇ ਪੰਜਾਬੀਅਤ ਦੇ ਸੰਕਲਪ ਨੂੰ ਸੂਫ਼ੀ ਅਤੇ ਭਗਤ ਕਵੀਆਂ ਦੇ ਦ੍ਰਿਸ਼ਟੀਕੋਣ ਤੋਂ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਸੁਖਵਿੰਦਰ ਪੱਪੀ ਤੇ ਡਾ ਸੰਦੀਪ ਸਿੰਘ ਨੇ ਕਾਵਿ ਯੁਗਤਾਂ ਦੇ ਸੰਬੰਧ ਵਿੱਚ ਆਪਣੇ ਵਿਚਾਰਾਂ ਦਾ ਪ੍ਰਤੀਪਾਦਨ ਕਰਦਿਆਂ ਹੋਇਆਂ ਕਾਵਿ ਸਿਰਜਣਾ ਸਬੰਧੀ ਆਪਣਾ ਦ੍ਰਿਸ਼ਟੀਕੋਣ ਜ਼ਾਹਿਰ ਕੀਤਾ। ਇਸ ਸੈਸ਼ਨ ਦੀ ਪ੍ਰਧਾਨਗੀ ਡਾ ਜਸਵਿੰਦਰ ਸੈਣੀ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਨੇ ਕੀਤੀ। ਇਸ ਉਪਰੰਤ ਖੋਜ ਕਾਰਜ ਸੰਦਰਭਗਤ ਵਿਚਾਰ ਸੰਗੋਸ਼ਟੀ ਦਾ ਆਯੋਜਨ ਵੀ ਹੋਇਆ ਜਿਸ ਵਿੱਚ ਡਾ.ਸੰਦੀਪ ਰਾਣਾ ਨੇ ਵੱਖ-ਵੱਖ ਯੂਨੀਵਰਸਿਟੀਆਂ ਤੋਂ ਆਏ ਖੋਜਾਰਥੀਆਂ ਨਾਲ ਵਾਰਤਾਲਾਪ ਕੀਤੀ ਅਤੇ ਖੋਜ ਕਾਰਜ ਦੌਰਾਨ ਆਉਂਦੀਆਂ ਸਮੱਸਿਆਵਾਂ ਬਾਰੇ ਆਪਣੇ ਨੁਕਤਿਆਂ ਨੂੰ ਉਹਨਾਂ ਸਾਹਮਣੇ ਰੱਖਿਆ। ਇਸ ਮਗਰੋਂ ਸ੍ਰੀ ਰਾਜੇਸ਼ ਮੋਹਨ ਤੇ ਉਹਨਾਂ ਦੀ ਪਾਰਟੀ ਨੇ ਸੰਗੀਤਕ ਪ੍ਰੋਗਰਾਮ ਦਾ ਆਯੋਜਨ ਕੀਤਾ। ਅਖੀਰ ਵਿੱਚ ਕਵੀ ਦਰਬਾਰ ਨਾਲ ਇਸ ਦੂਸਰੇ ਦਿਨ ਦੇ ਮੇਲੇ ਦਾ ਸਮਾਪਨ ਹੋਇਆ। ਇਸ ਸਮੇਂ ਮੰਚ ਸੰਚਾਲਕ ਦੀ ਭੂਮਿਕਾ ਡਾ. ਅਮਨਦੀਪ ਸੇਖੋਂ, ਡਾ. ਮਨਮਿੰਦਰ ਕੌਰ, ਡਾ.ਸੁਨੀਤਾ ਸਿੰਘ, ਸੁਖਜਿੰਦਰ ਕੌਰ ਅਤੇ ਸਤਨਾਮ ਸਿੰਘ ਵਾਹਿਦ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਦੌਰਾਨ ਦੋਵਾਂ ਵਿਭਾਗਾਂ ਦੇ ਮੁਖੀ ਸਾਹਿਬਾਨ ਅਤੇ ਮੇਲੇ ਦੇ ਕੋਆਰਡੀਨੇਟਰ ਡਾ. ਵੀਰਪਾਲ ਕੌਰ ਅਤੇ ਵਾਹਿਦ ਵੀ ਮੌਜੂਦ ਰਹੇ। ਕੈਂਪਸ ਡਾਇਰੈਕਟਰ ਪ੍ਰੋ. ਕਮਲਜੀਤ ਸਿੰਘ ਨੇ ਸਮੁੱਚੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਪ੍ਰਬੰਧਕੀ ਅਮਲੇ ਦਾ ਦੀ ਹੌਸਲਾ ਫਜਾਈ ਕਰਦੇ ਹੋਏ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ।



ਆਵਾਜ਼ਿ ਕੌਮ AWAZE QAUM International Newspaper & WEB TV

## ਸੱਚਖੰਡ ਵਾਸੀ ਮਹਾਂ ਪੁਰਸ਼ ਸੰਤ ਬਾਬਾ ਪ੍ਰਤਾਪ ਸਿੰਘ ਦੇ ਸਪੁਤਨੀ ਅਤੇ ਬਾਬਾ ਸਾਧੂ ਸਿੰਘ ਦੇ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਅੱਜ 8 ਮਾਰਚ ਨੂੰ ਹੋਵੇਗਾ

ਫ਼ਿਰੋਜ਼ਪੁਰ, 7 ਮਾਰਚ (ਮਨੋਹਰ ਲਾਲ) :— ਸੱਚਖੰਡ ਵਾਸੀ ਮਹਾਂਪੁਰਸ਼ ਸੰਤ ਬਾਬਾ ਪ੍ਰਤਾਪ ਸਿੰਘ ਜੀ ਦੇ ਸਪੁਤਨੀ ਅਤੇ ਬਾਬਾ ਸਾਧੂ ਸਿੰਘ ਜੀ ਦੇ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਜੀ ਦੀ ਇਕ ਸਾਧੂ ਸੁਭਾਅ ਸਨ, ਉਨ੍ਹਾਂ ਸਾਰੀ ਉਮਰ ਸੱਚਖੰਡ ਵਾਸੀ ਮਹਾਂਪੁਰਸ਼ ਸੰਤ ਬਾਬਾ ਪ੍ਰਤਾਪ ਸਿੰਘ ਜੀ ਦੀ ਸੇਵਾ ਕੀਤੀ ਅਤੇ ਉਨ੍ਹਾਂ ਹਮੇਸ਼ਾ ਨਾਮ ਸਿਮਰਨ, ਭਗਤੀ ਭਾਵ ਅਤੇ ਹਮੇਸ਼ਾ ਵਾਹਿਗੁਰੂ ਦੇ ਚਰਨਾਂ ਵਿਚ ਰਹਿੰਦੇ ਸੀ ਅਤੇ ਮਾਤਾ ਜੀ ਸ਼ਾਂਤ ਸੁਭਾਅ ਦੇ ਸਨ। ਸਤਿਕਾਰਯੋਗ ਮਾਤਾ ਗੁਰਚਰਨ ਕੌਰ ਜੀ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 28 ਫਰਵਰੀ 2024 ਦਿਨ ਬੁੱਧਵਾਰ ਨੂੰ ਵਾਹਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ, ਮਾਤਾ ਜੀ ਦੀ ਆਤਮਾ ਦੀ ਸ਼ਾਂਤੀ ਲਈ ਸ੍ਰੀ ਸਹਿਜ ਪਾਠ ਅਤੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ 8 ਮਾਰਚ ਦਿਨ ਸ਼ੁਕਰਵਾਰ ਨੂੰ ਗੁਰਦੁਆਰਾ ਹਰਗੋਬਿੰਦਸਰ ਸਾਹਿਬ ਪਿੰਡ ਲੰਗੇਆਣਾ ਪੁਰਾਣਾ ਮੋਗਾ ਵਿਖੇ ਦੁਪਹਿਰ 11 ਵਜੇ ਤੋਂ ਇਕ ਵਜੇ ਪਾਇਆ ਜਾਵੇਗਾ। ਇਸ ਮੌਕੇ ਤੇ ਸੰਤ ਮਹਾਂਪੁਰਸ਼, ਰਾਗੀ, ਢਾਡੀ, ਕਥਾਵਾਚਕ, ਧਾਰਮਿਕ ਆਗੂ, ਰਾਜਨੀਤਕ ਪਾਰਟੀ ਦੇ ਆਗੂ, ਪੱਤਰਕਾਰ, ਵਕੀਲ ਅਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਅਤੇ ਐਨ.ਆਰ.ਆਈ ਵੀਰ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ। ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਵਾਹਿਗੁਰੂ ਜੀ ਸਤਿਕਾਰਯੋਗ ਮਾਤਾ ਗੁਰਚਰਨ ਕੌਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ ਸਾਕ ਸਬੰਧੀ, ਰਿਸ਼ਤੇਦਾਰ, ਭੈਣ—ਭਰਾਵਾਂ ਅਤੇ ਸਾਧ ਸੰਗਤ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।





ਆਵਾਜ਼ਿ ਕੌਮ AWAZE QAUM International Newspaper & WEB TV

# ਧੂਰੀ ਦੇ ਹਸਪਤਾਲ ਅਤੇ ਰੇਲਵੇ ਫਾਟਕਾਂ ਦੀ ਸਾਰ ਕਦੋਂ ਲੈਣਗੇ ਮੁੱਖ ਮੰਤਰੀ ਮਾਨ ?- ਰਣਦੀਪ ਦਿਓਲ

ਧੂਰੀ ( ਰਣਜੀਤ ਸਿੰਘ ਪੇਧਨੀ )-ਮਹਿਜ਼ ਭਾਵੁਕ ਕਹਾਣੀਆਂ ਦੇ 2 ਸਾਲ ਤੋਂ ਕੁਝ ਨਹੀਂ ਮਿਲਿਆ ਧੂਰੀ ਹਲਕੇ ਨੂੰ, ਇਹ ਪ੍ਰਤੀਕ੍ਰਿਇਆ ਧੂਰੀ ਹਲਕੇ ਤੋਂ ਮੁੱਖ ਭਗਵੰਤ ਮਾਨ ਦੇ ਖਿਲਾਫ ਪਿਛਲੀਆਂ ਵਿਧਾਨ ਸਭਾ ਚੋਣਾ ਲੱੜ ਚੁੱਕੇ ਭਾਜਪਾ ਦੇ ਹਲਕਾ ਕਨਵੀਨਰ ਰਣਦੀਪ ਸਿੰਘ ਦਿਓਲ ਨੇ ਮੁੱਖ ਮੰਤਰੀ ਦੀ ਧੂਰੀ ਫੇਰੀ ਤੋਂ ਬਾਅਦ ਦਿੱਤੀ, ਉਹਨਾਂ ਕਿਹਾ ਕਿ ਹਰ ਵਾਰ ਦੀ ਤਰਾਂ ਇਸ ਵਾਰ ਵੀ ਮੁੱਖ ਮੰਤਰੀ ਭਗਵੰਤ ਮਾਨ ਦੀ ਧੂਰੀ ਫੇਰੀ ਵਿਚ ਧੂਰੀ ਦੇ ਵਿਕਾਸ ਲਈ ਕੁਝ ਵੀ ਨਹੀਂ ਦਿੱਤਾ ਗਿਆ, ਇਥੋਂ ਤੱਕ ਕਿ ਧੂਰੀ ਵਿੱਚ ਪਿਛਲੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਰੇਲਵੇ ਫਾਟਕਾਂ ਵਾਰੇ ਅਗਸਤ 2022 ਦੀ ਆਪਣੀ ਧੂਰੀ ਫੇਰੀ ਵਿਚ ਕੀਤੇ ਆਪਣੇ ਵਾਅਦੇ ਨੂੰ ਭਗਵੰਤ ਮਾਨ ਨੇ ਵਿਸਾਰ ਦਿੱਤਾ, ਹਰ ਵੇਲੇ ਸਿਹਤ ਸੇਵਾਵਾਂ ਦੀ ਫੜ ਮਾਰਨ ਵਾਲੀ ਝਾੜੂ ਸਰਕਾਰ ਦੇ ਮੁੱਖ ਮੰਤਰੀ ਆਪਣੇ ਖੁਦ ਦੇ ਹਲਕੇ ਦੇ ਹਸਪਤਾਲ ਦੀ ਖ਼ਬਰ ਲੈਣਾ ਵੀ ਭੁੱਲ ਗਏ, ਸੜਕਾਂ ਸੀਵਰੇਜ ਤਕ ਦਾ ਜ਼ਿਕਰ ਨਹੀਂ ਹੋਇਆ, ਉਹਨਾਂ ਕਿਹਾ ਕਿ ਮੁੱਖ ਮੰਤਰੀ ਸਾਹਬ ਨੇ ਧੂਰੀ ਨੂੰ ਕੁਝ ਆਪਣੇ ਨਜ਼ਦੀਕੀਆਂ ਕੋਲ ਗਹਿਣੇ ਰੱਖ ਦਿੱਤਾ ਹੈ ਤੇ ਮੁੱਖ ਮੰਤਰੀ ਤਾਂ ਦੂਰ ਪਰ ਆਪਣਾ ਐਮ ਐਲ ਏ ਹੋਣ ਤਕ ਦਾ ਫਰਜ਼ ਵੀ ਨਹੀਂ ਨਿਵਾਹ ਰਹੇ ਭਗਵੰਤ ਮਾਨ। ਇਸ ਮੌਕੇ ਭਾਜਪਾ ਸੂਬਾ ਕਾਰਜਕਾਰਨੀ ਮੈਂਬਰ ਜਗਦੇਵ ਜਿੰਦਲ, ਜ਼ਿਲ੍ਹਾ ਮੀਤ ਪ੍ਰਧਾਨ ਭੁਪੇਸ਼ ਜਿੰਦਲ, ਨੀਲੂ ਮਿੱਤਲ, ਅਸ਼ੀਸ਼ ਗਰਗ, ਰਵੀ ਗੋਇਲ, ਗੁਰਪ੍ਰੀਤ ਸਿੰਘ, ਹਰੀਸ਼ ਸ਼ਰਮਾਂ ਵੀ ਉਹਨਾਂ ਨਾਲ ਮੌਜੂਦ ਸਨ।




ਆਵਾਜ਼ਿ ਕੌਮ AWAZE QAUM International Newspaper & WEB TV

# ਸਿਵਲ ਸਰਜਨ ਦਫਤਰ ਦਾ ਕਲਰਕ 35,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫਤਾਰ



ਪਠਾਨਕੋਟ, 7 ਮਾਰਚ (ਆਵਾਜ਼ਿ ਕੌਮ ਬਿਊਰੋ )-ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲ ਰਹੀ ਮੁਹਿੰਮ ਦੌਰਾਨ ਸਿਵਲ ਸਰਜਨ ਦਫ਼ਤਰ ਪਠਾਨਕੋਟ ਵਿੱਚ ਤਾਇਨਾਤ ਰਹੇ ਕਲਰਕ ਰਾਜਵਿੰਦਰ ਸਿੰਘ (ਹੁਣ ਸੇਵਾਮੁਕਤ) ਨੂੰ 35,000 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ। ਇਹ ਪ੍ਰਗਟਾਵਾ ਕਰਦਿਆਂ ਅੱਜ ਇੱਥੇ ਰਾਜ ਵਿਜੀਲੈਂਸ ਬਿਓਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਕਲਰਕ ਨੂੰ ਸਤਨਾਮ ਸਿੰਘ ਵਾਸੀ ਓਂਕਾਰ ਨਗਰ, ਪਠਾਨਕੋਟ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਉਪਰ ਦਰਜ ਕਰਵਾਈ ਗਈ ਆਨਲਾਈਨ ਸ਼ਿਕਾਇਤ ਦੇ ਅਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਆਪਣੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਉਕਤ ਕਲਰਕ ਨੇ ਉਸਦੇ 3,13,486 ਰੁਪਏ ਦੇ ਮੈਡੀਕਲ ਬਿੱਲਾਂ ਨੂੰ ਪਾਸ ਕਰਨ ਬਦਲੇ 35,000 ਰੁਪਏ ਰਿਸ਼ਵਤ ਲਈ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਪੜਤਾਲ ਦੌਰਾਨ ਇਹ ਸਿੱਧ ਹੋਇਆ ਕਿ ਉਕਤ ਕਲਰਕ ਨੇ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ, ਪੰਜਾਬ ਵੱਲੋਂ ਜਾਰੀ ਇੱਕ ਮਨਜ਼ੂਰੀ ਪੱਤਰ ਨੂੰ ਜਾਅਲੀ ਤੌਰ ’ਤੇ ਤਿਆਰ ਕਰਕੇ ਸ਼ਿਕਾਇਤਕਰਤਾ ਤੋਂ 35,000 ਰੁਪਏ ਦੀ ਰਿਸ਼ਵਤ ਲਈ ਸੀ। ਇਹ ਵੀ ਪਤਾ ਲੱਗਾ ਹੈ ਕਿ ਉਸ ਨੇ ਆਪਣੇ ਕਾਰਜਕਾਲ ਦੌਰਾਨ 16 ਅਜਿਹੇ ਜਾਅਲੀ ਮਨਜ਼ੂਰੀ ਪੱਤਰ ਬਣਾ ਕੇ ਸਰਕਾਰੀ ਖਜ਼ਾਨੇ ਨੂੰ ਲੱਖਾਂ ਰੁਪਏ ਦਾ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਵਿਜੀਲੈਂਸ ਬਿਓਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਨੂੰ ਭਲਕੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਮੁਕੱਦਮੇ ਦੀ ਹੋਰ ਤਫਤੀਸ਼ ਜਾਰੀ ਹੈ।

KATHA PROGRAMME




ਆਵਾਜ਼ਿ ਕੌਮ AWAZE QAUM
International Newspaper & WEB TV



4-10 MAR
7:30-8:15 PM
ਸੰਤ ਬਾਬਾ ਬੇਅੰਤ ਸਿੰਘ ਜੀ
ਬੇਰ ਕਲਾਂ ਵਾਲੇ

NANAKSAR THATH ISHER DARBAR
WOLVERHAMPTON


## ਵਿਕਾਸ ਪੱਖੀ ਬਜਟ 2024-25

# ਪੰਜਾਬ ਸਰਕਾਰ ਵੱਲੋਂ ਲੋਕਪੱਖੀ ਬਜਟ ਪੇਸ਼ : ਐਡਵੋਕੇਟ ਬਿਕਰਮਜੀਤ ਪਾਸੀ


### ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਸਹਾਇਕ ਖੇਤਰਾਂ ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ ਲਈ 13,784 ਕਰੋੜ

ਬਨੂੜ, 7 ਮਾਰਚ (ਆਵਾਜ਼ਿ ਕੌਮ ਬਿਊਰੋ)-ਪੰਜਾਬ ਵਿਧਾਨ ਸਭਾ ਵਿਚ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਿਚ ਵਿੱਤ ਮੰਤਰੀ ਸ. ਹਰਪਾਲ ਸਿੰਘ ਚੀਮਾ ਵੱਲੋਂ ਲੋਕ ਪੱਖੀ , ਕਿਸਾਨ ਪੱਖੀ ਅਤੇ ਵਿਕਾਸ ਪੱਖੀ ਬਜਟ 2024-25 ਪੇਸ਼ ਕੀਤਾ ਹੈ ਜਿਸ ਨਾਲ ਪੰਜਾਬ ਵਿਚ ਖੇਤੀਬਾੜੀ, ਸਿੱਖਿਆ,ਸਿਹਤ, ਸ਼ਹਿਰੀ ਅਤੇ ਪਿੰਡਾ ਦਾ ਵਿਕਾਸ ਹੋਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆ ਆਮ ਆਦਮੀ ਪਾਰਟੀ ਦੇ ਸੂਬਾਈ ਬੁਲਾਰੇ ਐਡਵੋਕੇਟ ਬਿਕਰਮਜੀਤ ਪਾਸੀ ਨੇ ਕਿਹਾ ਕੀ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਵਿਚ ਸੂਬੇ ਨੂੰ ਤਰੱਕੀ ਤੇ ਲੈ ਕੇ ਜਾਣ ਵਾਲਾ ਵਿਕਾਸ ਪੱਖੀ ਬਜਟ 2024-25 ਲਈ 2,04,918 ਕਰੋੜ ਦਾ ਬਜਟ ਪੇਸ਼ ਕੀਤਾ ਹੈ ਜਿਸ ਵਿਚ ਪੰਜਾਬ ਦੀ ਆਰਥਿਕਤਾ ਦੇ ਧੁਰੇ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਸਹਾਇਕ ਖੇਤਰਾਂ ਪਸ਼ੂ ਪਾਲਣ, ਡੇਅਰੀ, ਮੱਛੀ ਪਾਲਣ ਲਈ 13,784 ਕਰੋੜ ਰੁਪਏ ਦੀਆ ਤਜਵੀਜ਼ਾਂ ਰੱਖਿਆ ਗਈਆਂ ਹਨ। ਉਨ੍ਹਾਂ ਕਿਹਾ ਕਿ ਫ਼ਸਲੀ ਵਿਭਿੰਨਤਾ ਲਈ 575 ਕਰੋੜ, ਬਾਗ.ਬਾਨੀ , ਮਸ਼ਰੂਮ ਖੇਤੀ , ਫੁੱਲਾ ਦੇ ਬੀਜਾਂ ਦਾ ਉਤਪਾਦਨ ਵੱਲ ਉਤਸ਼ਾਹਿਤ ਕਰਨਾ ਨਰਮੇ ਕਪਾਹ ਦਾ ਬੀਜਾਂ ਤੇ 33 ਪ੍ਰਤੀਸ਼ਤ ਸਬਸਿਡੀ , ਐਗਰੋ ਪ੍ਰੋਸੈਸਿੰਗ ਸੈਂਟਰ ਸਥਾਪਿਤ ਕਰਨਾ, ਕਿਸਾਨਾਂ ਲਈ ਮੁਫ਼ਤ ਬਿਜਲੀ ਲਈ 9330 ਕਰੋੜ, ਗੰਨਾ ਕਿਸਾਨਾਂ ਦੇ ਬਕਾਏ 467 ਕਰੋੜ ਰੁਪਏ ਜਾਰੀ ਕੀਤੇ 2024-25 ਲਈ 390 ਕਰੋੜ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਖੇਤੀ ਫ਼ਸਲਾਂ ਦੇ ਬੀਜ ਖੋਜ ਲਈ 40 ਕਰੋੜ, ਸ਼ਹਿਰੀ ਵਿਕਾਸ ਲਈ 6289 ਕਰੋੜ ਰੁਪਏ ਰੱਖੇ ਗਏ ਹਨ ਤਾਂ ਜੋ ਸ਼ਹਿਰੀ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਸਕੇ। ਪੇਂਡੂ ਵਿਕਾਸ ਅਤੇ ਪੰਚਾਇਤਾਂ ਦੇ ਵਿਕਾਸ ਲਈ 3154 ਕਰੋੜ ਰੱਖੇ ਗਏ ਹਨ। ਸਕੂਲ ਸਿੱਖਿਆ ਵਿਚ ਸੁਧਾਰ ਲਈ ਸਕੂਲ ਆਫ਼ ਐਮੀਨੈਂਸ ਲਈ 100 ਕਰੋੜ ਰੁਪਏ, ਉਚੇਰੀ ਸਿੱਖਿਆ ਲਈ ਯੂਨੀਵਰਸਿਟੀਆਂ ਅਤੇ ਕਾਲਜਾ ਲਈ 1425 ਕਰੋੜ ਬਜਟ ਵਿਚ ਰੱਖੇ ਗਏ ਹਨ। ਸਿਹਤ ਸੇਵਾਵਾਂ ਲਈ 5264 ਕਰੋੜ ਰੱਖੇ ਗਏ ਹਨ 829 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਚੁੱਕੇ ਹਨ, ਮੈਡੀਕਲ ਸਿੱਖਿਆ ਅਤੇ ਖੋਜ ਲਈ ਸਟੇਟ ਕੈਂਸਰ ਇੰਸਟੀਚਿਊਟ 114 ਕਰੋੜ, ਅਤੇ ਚਾਰ ਮੈਡੀਕਲ ਕਾਲਜਾ ਸੰਗਰੂਰ, ਮਲੇਰਕੋਟਲਾ, ਕਪੂਰਥਲਾ, ਹੁਸ਼ਿਆਰਪੁਰ ਕੰਮ ਸ਼ੁਰੂ ਹੋ ਜਾਵੇਗਾ । ਖੇਡਾਂ ਤੇ ਯੁਵਕ ਸੇਵਾਵਾਂ ਲਈ 272 ਕਰੋੜ ਰੱਖੇ ਗਏ ਹਨ। ਰੁਜ਼ਗਾਰ ਸਿਰਜਣ ਅਤੇ ਸਿਖਲਾਈ ਲਈ 179 ਕਰੋੜ ਘਰ ਘਰ ਰਾਸ਼ਨ ਲਈ 250 ਕਰੋੜ, ਸਮਾਜਿਕ ਭਲਾਈ ਸਕੀਮਾਂ ਲਈ 9388 ਕਰੋੜ, ਸੜਕਾਂ ਤੇ ਪੁਲਾਂ ਲਈ 2695 ਕਰੋੜ, ਬਿਜਲੀ ਲਈ 540 ਮੈਗਾਵਾਟ ਗੋਇੰਦਵਾਲ ਪ੍ਰਾਈਵੇਟ ਥਰਮਲ ਪਲਾਟ 1080 ਕਰੋੜ ਵਿਚ ਖ਼ਰੀਦ ਲਿਆ ਹੈ ਅਤੇ 90 % ਘਰੇਲੂ ਖਪਤਕਾਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਮਾਨ ਦੀ ਅਗਵਾਈ ਵਿਚ ਪੰਜਾਬ ਸਰਕਾਰ ਲੋਕ ਪੱਖੀ ਵਿਕਾਸ ਪੱਖੀ ਬਜਟ ਪੇਸ਼ ਕਰਕੇ ਆਪਣੇ ਚੋਣ ਵਾਅਦੇ ਪੂਰੇ ਕਰ ਰਹੀ ਹੈ ਅਤੇ ਸਰਕਾਰ ਨੇ 42 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਰੁਜ਼ਗਾਰ ਮਹੁੱਇਆ ਕਰਕੇ ਆਪਣਾ ਵਾਅਦਾ ਪੂਰਾ ਕਰ ਚੁੱਕੀ ਹੈ।



ਆਵਾਜ਼ਿ ਕੌਮ AWAZE QAUM
International Newspaper & WEB TV


ਸਾਬਤ ਸੂਰਤਿ ਦਸਤਾਰ ਸਿਰਾ
ਦਸਤਾਰਾਂ ਹੀ ਦਸਤਾਰਾਂ



ਰੰਧਾਵਾ ਪਗੜੀ ਸੈਂਟਰ
ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।



✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।
ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।
ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



ASA Gas Heating Solution Ltd.

Boilers | Gas Safety Inspections
Certificates | Plumbing Work
Gas Work
Cylinders
Maintenance Services

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote

# THE GURBANI SCHOOL

THE GURBANI SCHOOL

ਗੁਰਬਾਣੀ ਦਾ ਸ਼ੁੱਧ ਉਚਾਰਣ ਸਿੱਖਣ ਲਈ ਗੁਰਬਾਣੀ ਸਕੂਲ ਡਾਊਨਲੋਡ ਕਰੋ।

## LEARN THE CORRECT PRONUNCIATION OF GURBANI IN THE CONVENIENCE OF YOUR OWN HOME

GET IT ON Google Play

Download on the App Store




### INTERACTIVE LEARNING
ਕਲਿੱਕ ਕਰੋ ਅਤੇ ਸਹੀ ਉਚਾਰਣ ਸੁਣੋ
CLICK & LISTEN TO THE CORRECT PRONUNCIATION

8

### EIGHT PRAYERS AVAILABLE
ਅੱਠ ਬਾਣੀਆਂ ਸਿੱਖਣ ਲਈ ਉਪਲਬਧ ਹਨ
EIGHT DAILY PRAYERS AVAILABLE TO LEARN

### AUTO SCROLL GURBANI PLAYER
ਨਾਲ ਨਾਲ ਪੜ੍ਹੋ ਅਤੇ ਉਚਾਰਣ ਸੁਧਾਰੋ
READ ALONG & IMPROVE THE PRONUNCIATION

### MULTILINGUAL
ਨਿੱਤਨੇਮ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਉਪਲਬਧ ਹੈ।
NITNEM IS AVAILABLE IN PUNJABI, HINDI & ENGLISH